Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਮਾਰਚ 2017 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਹੋਲੇ-ਮਹੱਲੇ ਦੀਆਂ ਲੱਖ-ਲੱਖ ਮੁਬਾਰਕਾਂ ਮੁਬਾਰਕਾਂ









ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ...

# ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ ॥



ਪੰਜਵੇਂ ਗੁਰੂ ਅਰਜਨ ਦੇਵ ਜੀ ਸਾਹਿਬਾਨ ਜੀ ਨੇ ਜਿਥੇ ਜੀਵਨ ਦੇ ਹਰ ਖੇਤਰ ਵਿਚ ਸਰੋਆ ਅਤੇ ਰਹੱਸਮਈ ਪਰਿਵਰਤਨ ਲਿਆਂਦਾ ਉਥੇ ਉਹਨਾਂ ਨੇ ਪ੍ਰਮਾਰਥ ਦੇ ਮਾਰਗ ਦੀ ਅਨੰਦਮਈ ਹੋਲੀ ਖੇਡਣ ਦੀ ਵੀ ਇਉਂ ਪ੍ਰੇਰਨਾ ਕੀਤੀ "**ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥ ਆਜੁ ਹਮਾਰੈ ਮਹਾਂ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧ ॥ ਆਜੁ ਹਮਾਰੇ ਗ੍ਰਿਹਿ ਬਲੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧ ॥ ਰਹਾਉ ॥ ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ ॥**" ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਅੰਦਰਲੇ ਵਾਪਰੇ ਇਸ ਅਧਿਆਤਮਕ ਪਰਿਵਰਤਨ ਦਾ ਬਾਹਰ ਮੁਖੀ ਪ੍ਰਗਟਾਵਾ ਕਰਨਾ ਵੀ ਜ਼ਰੂਰੀ ਸਮਝਿਆ। ਗੁਲਾਲ ਖੇਡਣ ਦੇ ਨਾਲ-ਨਾਲ ਹੋਲਾ ਮਨਾਉਣਾ ਤੇ ਖੇਡਣ ਦੀ ਭਾਵ-ਪੂਰਤ ਰੀਤ ਤੋਰੀ ਅਤੇ ਇਸ ਅਵਸਰ ਉੱਤੇ ਸ਼ਸਤਰ ਵਿੱਦਿਆ ਦੇ ਕਮਾਲ ਵਿਖਾਏ ਜਾਣ ਲੱਗੇ। ਦੇਸ਼ ਦੇਸ਼ਾਤਰਾਂ ਦੀਆਂ ਸਿੱਖ ਸੰਗਤਾਂ ਇਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਜੁੜਦੀਆਂ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਦੁਆਰਾ ਮਨ ਸ਼ਾਂਤ ਕਰਕੇ ਉਤਸ਼ਾਹ ਨਾਲ 'ਹੋਲੀ-ਮਹੱਲਾ' ਖੇਡਦੀਆਂ। ਇਹ ਹੋਲਾ ਮਹੱਲਾ ਖੇਡਣ ਦੀ ਸ਼ੁਰੂਆਤ ਹੋਲਗੜ੍ਹ ਕਿਲ੍ਹਾ ਬਣਾ ਕੇ ਚੇਤ ਵਦੀ ਇੱਕ ਸੰਮਤ 1757 (1700 ਈ.) ਵਿਚ ਕੀਤੀ। ਗੁਰੂ ਜੀ ਵੱਲੋਂ ਬੀਰ ਰਸ ਨਾਲ ਭਰਪੂਰ ਖ਼ਾਲਸੇ ਨੂੰ ਸੰਤ ਸਿਪਾਹੀ ਬਣਾਉਣ ਵਿਚ ਸੂਰਬੀਰਤਾ, ਨਿਰਭੈਤਾ, ਚੜ੍ਹਦੀ ਕਲਾ, ਉਤਸ਼ਾਹੀ ਜੋਸ਼ ਜਾਹੋ ਜਲਾਲ ਦੀ ਲਹਿਰ ਪੈਦਾ ਕਰਨ ਦਾ ਮੰਤਵ ਦੱਬੇ ਕੁਚਲੇ ਲੋਕਾਂ ਅਤੇ ਜ਼ੁਲਮ ਖਿਲਾਫ਼ ਮੁਕਾਬਲਾ ਕਰਨ ਲਈ ਤਿਆਰ-ਬਰ-ਤਿਆਰ ਹੋਣਾ ਸੀ ਅਤੇ ਕੋਈ ਰਾਜ ਭਾਗ ਜਾਂ ਦੁਨਿਆਵੀ ਮੱਲਾ ਮਾਰਨਾ ਨਹੀਂ ਸੀ। 'ਹੋਲਾ-ਮਹੱਲਾ' ਦੋ ਸ਼ਬਦਾਂ ਦਾ ਸੁਮੇਲ ਹੈ। 'ਹੋਲਾ', ਅਰਬੀ ਭਾਸ਼ਾ ਤੋਂ ਅਤੇ 'ਮਹੱਲਾ' ਫ਼ਾਰਸ਼ੀ ਭਾਸ਼ਾ ਤੋਂ ਆਏ ਹਨ। ਹੋਲਾ ਦੀ ਕੋਸ਼ੀ ਅਰਥ ਹੈ 'ਹਮਲਾ' ਅਤੇ 'ਮਹੱਲਾ' ਦਾ ਕੋਸ਼ੀ ਅਰਥ ਹੈ 'ਜਾਇ ਹਮਲਾ'। ਗੁਰੂ ਸਾਹਿਬ ਨੇ ਜੰਗੀ ਪੈਂਤੜੇਬਾਜ਼ੀ ਲੋਕਾਂ ਦੇ ਮਨਾਂ ਵਿਚ ਦ੍ਰਿੜ੍ਹਤਾ ਦਾ ਅਹਿਸਾਸ ਜਗਾਉਣ ਲਈ ਕੀਤਾ ਕਿ ਹਮਲਾ ਕਿਸ ਸਮੇਂ ਕਿਥੇ ਕਰਨਾ ਹੈ। ਤਵਾਰੀਖ ਵਿਚ ਪਹਿਲੀ ਵਾਰ ਤਲਵਾਰ ਦੀ ਮਾਰੂ ਸ਼ਕਤੀ ਨੂੰ ਉਸਾਰੂ ਸ਼ਕਤੀ ਵਿਚ ਬਦਲਣ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੂੰ ਜਾਂਦਾ ਹੈ। 'ਹੋਲਾ-ਮਹੱਲਾ' ਦੇ ਦਿਨ ਸੈਨਿਕ ਸਿੰਘਾਂ ਦੀਆਂ ਦੋ ਟੁਕੜੀਆਂ ਬਣਾ ਕੇ ਜੰਗ ਕਰਾਉਂਦੇ ਅਤੇ ਹਰ ਤਰ੍ਹਾਂ ਦੇ ਸਮੇਂ ਮੁਤਾਬਿਕ ਸ਼ਸਤਰਾਂ ਨਾਲ ਮੁਹਾਰਤ ਹਾਸਲ ਕਰਨ ਲਈ ਜੰਗੀ ਤਕਨੀਕਾਂ ਜਾਣੂੰ ਕਰਾਉਣ ਉਪਰੰਤ ਯੁੱਧ ਦੀ ਤਰ੍ਹਾਂ ਲੜਾਈ ਕਰਕੇ ਜੇਤੂਆਂ ਨੂੰ ਦੀਵਾਨ ਸਜਾ ਕੇ ਸਿਰੋਪਾਓ ਬਖਸ਼ ਕਰਕੇ ਮਾਣ ਦਿੰਦੇ ਸਨ। ਇਸ ਸਾਰੀ ਪ੍ਰਕਿਰਿਆ ਕਾਰਨ ਸਮੇਂ-ਸਮੇਂ ਅਨੁਸਾਰ ਸਿੰਘਾਂ ਨੇ ਲਗਾਤਾਰ ਸੰਗਰਾਮਾਂ ਅਤੇ ਸ਼ਹਾਦਤਾਂ ਦੇ ਸਿਲਸਲੇ ਸਿੱਖ ਧਰਮ ਦੇ ਆਦਰਸ਼ਾਂ ਅਨੁਸਾਰ ਹਲੇਮੀ ਰਾਜ ਦੀ ਸਥਾਪਤੀ ਲਈ ਜਾਰੀ ਰੱਖੇ ਅਤੇ ਅਠਾਰਵੀਂ ਤੇ ਉਨੀਵੀਂ ਸਦੀ ਵਿਚ 'ਖ਼ਾਲਸਾ ਜੀ ਦਾ ਬੋਲ ਬਾਲ' ਪੰਜਾਬ (ਵੱਡੇ) ਵਿਚ ਹੋਇਆ। ਗੁਰੂ ਸਾਹਿਬ ਦੀ ਪੈਗੰਬਰੀ ਅਜ਼ਮਤ ਨੇ ਖ਼ਾਲਸੇ ਦੀ ਸਾਜਣਾ ਸਮੇਂ ਇਹ ਮਹਿਸੂਸ ਕਰ ਲਿਆ ਸੀ ਕਿ ਸਮਾਜਿਕ, ਧਾਰਮਿਕ, ਰਾਜਸੀ ਪਿੜ ਅੰਦਰ ਸ਼ਸਤਰਧਾਰੀ ਰਹਿ ਕੇ ਹੀ ਜ਼ਾਲਮ ਅਤੇ ਲੋਕ ਦੁਸ਼ਮਣ ਤਾਕਤਾਂ ਨੂੰ ਖਤਮ ਕੀਤਾ ਜਾ ਸਕਦਾ ਹੈ। "**ਖਾਲਸਾ ਸੋ ਜੋ ਜੜਹਿ ਤੁਰੰਗ ॥ ਖਾਲਸਾ ਸੋ ਜੋ ਕਰੇ ਨਿਤ ਜੰਗ ॥ ਖਾਲਸ ਸੋ ਜੋ ਸ਼ਸਤ੍ਰ ਕਉ ਧਾਰੈ ॥ ਖਾਲਸਾ ਸੌ ਜ ਦੁਸ਼ਟ ਕਉ ਮਾਰੈ ॥**"

ਗੁਰੂ ਸਾਹਿਬਾਨਾਂ ਨੇ ਸਮੇਂ ਅਨੁਸਾਰ ਸ਼ਸਤ੍ਰਾਂ ਦੀ ਵਰਤੋਂ ਦਾ ਮਾਰਗ ਦੱਸਿਆ ਕਿ ਉੱਤਮ ਸੈਨਿਕੀ ਸਾਜੋ-ਸਮਾਨ ਨਾਲ ਹੀ ਸ਼੍ਰੇਸਟਾਂ ਹਾਸਲ ਕੀਤੀ ਜਾ ਸਕਦੀ ਹੈ। ਭਾਵੇਂ ਰਵਾਇਤ ਨੂੰ ਜਿੰਦਾ ਰੱਖਣ ਲਈ ਤਲਵਾਰਬਾਜ਼ੀ, ਨੇਜਾ, ਖੰਡਾ, ਢਾਲ, ਘੋੜ ਸਵਾਰੀ, ਹਾਥੀ ਅਤੇ ਹੋਰ ਜੰਗੀ ਸਮਾਨ ਨਾਲ ਖੇਡ ਅਤੇ ਹੋਲਾ-ਮਹੱਲਾ ਦੁਹਰਾਇਆ ਜਾਂਦਾ ਹੈ ਪ੍ਰੰਤੂ ਅੱਜ ਦੇ ਦਿਮਾਗ਼ੀ ਤਰੱਕੀ ਦਾ ਭਰਪੂਰ ਉਪਯੋਗ ਜਿਵੇਂ ਕਿ ਜਹਾਜ਼, ਟੈਂਕ, ਕੰਪਿਉਟਰ ਇਤਆਦਿ ਦੀ ਵਰਤੋਂ ਨਾਲ ਸਰਬਉੱਤ ਕਰਨੀ ਜ਼ਰੂਰੀ ਹੈ ਜੋ ਕਿ ਸਮੇਂ ਦੀ ਲੋੜ ਹੈ ਤਾਂ ਹੀ ਖ਼ਾਲਸਾ ਮਾਨਵਤਾ ਦੇ ਭਲੇ ਲਈ ਸੋਚ ਅਤੇ ਕਰ ਸਕਦਾ ਹੈ। ਉਸ ਸਮੇਂ ਜ਼ੁਲਮ ਦੀ ਹਨ੍ਹੇਰੀ ਨੂੰ ਖਾਲਸੇ ਦੀ ਤਲਵਾਰ ਨੇ ਠੱਲ ਪਾਈ ਸੀ ਜੋ ਕਿ ਜੰਗ ਦੇ ਉੱਚ ਇਖਲਾਕੀ ਰੁਤਬੇ ਨੂੰ ਕਾਇਮ ਰੱਖ ਕੇ ਕੀਤਾ ਸੀ। ਹੁਣ ਵੀ ਉਸੇ ਤਰ੍ਹਾਂ ਦੱਬੇ-ਕੁਚਲੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਨਾਲ ਜੀਣ ਦੇ ਰਾਹ ਦੱਸਣ ਲਈ ਸਮੇਂ ਦੀ ਮੰਗ ਅਨੁਸਾਰ ਸ਼ਸਤਰਧਾਰੀ ਅਤੇ ਲੈਸ ਹੋਣ ਦੀ ਲੋੜ ਹੈ। ਕਿਉਂਕਿ ਇਹ ਇੰਤਜ਼ਾਮ ਅਤੇ ਕੋਸ਼ਿਸ਼ਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮੁਬਾਰਕ ਕਦਮਾਂ ਨੂੰ ਚੁੰਮਦੀਆਂ ਰਹੀਆਂ ਸਨ। "**ਨ ਡਰੋਂ ਅਰਿ ਸੋ ਜਬ ਜਾਇ ਲਰੋ, ਨਿਸ਼ਚੈ ਕਰਿ ਅਪਨੀ ਜੀਤ ਕਰੋਂ ॥**"

ਸਿੱਖ ਗੁਰੂਆਂ ਨੇ ਮਨੁੱਖਤਾ ਨੂੰ ਸਦਾ ਸਦਾ ਲਈ ਸਰਬਸਾਂਝੀ, ਸਫਲ ਅਤੇ ਪਰਪੱਕ ਸਿੱਖਿਆ ਲਗਾਤਾਰ 239 ਸਾਲ ਦਿੱਤੀ। ਆਪ ਨੇ ਨਕਾਰਾ, ਜਿੰਦ-ਹੀਣ ਹੋ ਚੁੱਕੇ ਸਭ ਲੋਕਾਂ ਨੂੰ ਮਨਸੁਖ ਕਰਕੇ ਉਨ੍ਹਾਂ ਨੂੰ ਨਵੇਂ, ਨਰੋਏ ਅਤੇ ਜੁਗੋ-ਜੁਗ ਅਟੱਲ ਰਹਿਣ ਵਾਲੇ ਸਿਧਾਂਤਾਂ ਨਾਲ ਜੋੜਿਆ। ਗੁਰੂਆਂ ਦੀ ਅਪਰ ਸਮਰੱਥਾ ਏਨੀ ਹੈ ਕਿ ਕੋਈ ਕਲਮ ਉਹਨਾਂ ਦੀਆਂ ਪਾਵਰ ਉਪਦੇਸ਼ਾਂ ਦੀਆਂ ਗਹਿਰਾਈਆਂ ਅਤੇ ਵਡਿਆਈਆਂ ਦਾ ਅੰਸ਼ ਮਾਤਰ ਉਲੇਖ ਕਰ ਸਕੇ। "**ਸਤਿਗੁਰ ਕੇ ਲਿਖੂੰ ਵਸਫ, ਕਹਾਂ ਤਾਬਿ ਰਕਮ ਹੈ**" ਦੀ ਹਕੀਕਤ ਹੀ ਅਸਲ ਹਕੀਕਤ ਹੈ, ਫਿਰ ਵੀ "**ਗੁਣ ਕਹਿ ਗੁਣੀ ਸਮਾਵਣਿਆ**" ਸੋ ਹੋਲੀ ਇਕ ਦੂਜੇ ਉੱਤੇ ਰੰਗ ਸੁੱਟਣ, ਘੱਟਾ-ਮਿੱਟੀ, ਸੁਆਹ ਤੇ ਸ਼ੁਗਲ ਤੋਂ ਵੱਧ ਇਸ ਵਿਚ ਕਿਸੇ ਪ੍ਰਕਾਰ ਦਾ ਰਹੱਸ ਨਹੀਂ। ਇਸ ਤਰ੍ਹਾਂ ਹੋਲੀ ਅਤੇ ਹੋਲਾ-ਮਹੱਲਾ ਦੇ ਵੱਖ-ਵੱਖ ਆਦਰਸ਼ ਹਨ। ਹੋਲੇ-ਮਹੱਲੇ ਦਾ ਸ਼ਸਤਰਾਂ, ਸ਼ਸਤਰ ਵਿਦਿਆ ਅਤੇ ਖਾਲਸੇ ਦੀ

**"ਗੁਣ ਕਹਿ ਗੁਣੀ ਸਮਾਵਣਿਆ"** ਸੋ "ਹੋਲੀ ਇਕ ਦੂਜੇ ਉੱਤੇ ਰੰਗ ਸੁੱਟਣ, ਘੱਟਾ-ਮਿੱਟੀ, ਸੁਆਹ ਤੇ ਸ਼ੁਗਲ ਤੋਂ ਵੱਧ ਇਸ ਵਿਚ ਕਿਸੇ ਪ੍ਰਕਾਰ ਦਾ ਰਹੱਸ ਨਹੀਂ। ਇਸ ਤਰ੍ਹਾਂ ਹੋਲੀ ਅਤੇ ਹੋਲਾ-ਮਹੱਲਾ ਦੇ ਵੱਖ-ਵੱਖ ਆਦਰਸ਼ ਹਨ। ਹੋਲੇ-ਮਹੱਲੇ ਦਾ ਸ਼ਸਤਰਾਂ, ਸ਼ਸਤਰ ਵਿਦਿਆ ਅਤੇ ਖਾਲਸੇ ਦੀ ਚੜ੍ਹਦੀ ਕਲਾ ਨਾਲ ਕਿਤਨਾ ਗੂੜ੍ਹਾ ਸੰਬੰਧ ਹੈ, ਇਹ ਕਵੀ ਨਿਹਾਲ ਸਿੰਘ ਜੀ ਦੀ ਰਚਨਾ ਤੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ **"ਬਰਛਾ, ਢਾਲ, ਕਟਾਰਾ, ਤੇਗਾ, ਕੜਛਾ, ਦੇਗਾ ਗੋਲਾ ਹੈ। ਛਕਾ ਪ੍ਰਸ਼ਾਦ, ਸਜਾ ਦਸਤਾਰਾ, ਅਰੁ ਕਰਦੌਨਾ ਟੋਲਾ ਹੈ। ਸੁਤਟਾ, ਸੁਚਾਲਾ, ਅਰ ਲਖ ਬਾਹਾ, ਕਲਗ ਸਿੰਘ, ਸਿੰਘ ਸੁਚੇਲਾ ਹੈ। ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸਾ ਬੋਲਾ ਹੋਲਾ ਹੈ।"** ਜਿਸ ਤਰ੍ਹਾਂ ਉਦੇਸ਼ ਅਨੁਸਾਰ ਸਿੰਘਾਂ ਵਿਚ ਸ਼ਸਤਰਾਂ ਦੀ ਲੋਕਪ੍ਰਿਯਤਾ ਪੈਦਾ ਕਰਨੀ ਅਤੇ ਭਗਤੀ ਦੀ ਰੱਖਿਆ ਲਈ ਸ਼ਕਤੀ ਦਾ ਸੰਚਾਰ ਕਰਨਾ ਸੀ। ਸੋ ਦਸਮੇਸ਼ ਪਿਤਾ ਜੀ ਦਾ ਖਾਲਸੇ ਨੂੰ ਉਪਦੇਸ਼ ਹੈ **"ਸ਼ਸਤਰਨ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗ੍ਰਹਿ ਕਾਜ। ਯਾ ਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਬੇ ਉੱਤਮ ਗੁਨੀਅਹਿ। ਜਬ ਹਮਰੇ ਦਰਸ਼ਨ ਕੋ ਆਵਹੁ। ਬਨ ਸੁਚੇਤ ਤਨ ਸ਼ਸਤਰ ਸਜਾਵਹੁ। ਕਮਰ-ਕਸਾ ਕਰ ਦੇਹੁ ਦਿਖਾਈ। ਹਮਰੀ ਖੁਸ਼ੀ ਹੋਵੇ ਅਧਿਕਾਈ।"** ਇਹੀ ਕਾਰਨ ਹੈ ਕਿ ਸਤਿਗੁਰਾਂ ਨੇ ਸ਼ਸਤਰਾਂ ਦੀ ਪ੍ਰਤੀਨਿਧ ਤੇਗ (ਕਿਰਪਾਨ) ਨੂੰ ਕਕਾਰਾਂ ਦੀ ਰਹਿਤ ਵਿਚ ਸ਼ਾਮਲ ਕੀਤਾ ਹੈ।

ਸਾਡੇ ਗੁਰਦੁਆਰੇ (ਗੁਰੂ-ਘਰ) ਸਿੱਖੀ ਜੀਵਨ ਦਾ ਧੁਰਾ ਹਨ ਅਤੇ ਸਿੱਖ ਜੀਵਨ ਦੀ ਅਧਾਰਸ਼ਿਲਾ ਹਨ। ਜਿਵੇਂ ਕਿ ਗੱਡੀ ਦਾ ਧੁਰਾ ਖੜ੍ਹ ਜਾਵੇ ਤਾਂ ਗੱਡੀ ਰੁਕ ਜਾਂਦੀ ਹੈ ਇਵੇਂ ਜੋ ਗੁਰਦੁਆਰਿਆਂ ਦਾ ਧੁਰਾ ਖੜ੍ਹ ਜਾਵੇ ਜਾਂ ਕੁਝ ਵਿਗਾੜ ਹੋ ਜਾਵੇ ਤਾਂ ਜਾਂ ਤਾਂ ਖੜੋਤ ਆ ਜਾਵੇਗੀ ਜਾਂ ਫਿਰ ਸਿੱਖੀ ਸੰਚਾਲਨ ਵਿਚ ਔਕੜਾਂ, ਰੁਕਾਵਟਾਂ ਅਤੇ ਤਰੁੱਟੀਆਂ ਆ ਜਾਣਾ ਸੁਭਾਵਕ ਹੈ। ਜਿਸ ਤਰ੍ਹਾਂ ਸਰੀਰ ਵਿਚ ਖ਼ੂਨ ਦੀ ਨਿਸ਼ਚਿਤ ਮਾਤਰਾ ਵਿਚ ਚੱਲਣਾ ਹੀ ਸੰਤੁਲਿਤ ਜੀਵਨ ਹੈ ਨਹੀਂ ਤਾਂ ਖ਼ੂਨ ਦੇ ਸੰਚਾਲਨ ਵਿਚ ਵਾਧ-ਘਾਟ ਕਾਰਨ ਡਾਕਟਰੀ ਸਹਾਇਤਾ ਨਾਲ ਖ਼ੂਨ ਦੇਣਾ ਅਤੇ ਹੋਰ ਇਲਾਜ ਕਰਨਾ ਪੈਂਦਾ ਹੈ। ਇਸ ਲਈ ਗੁਰੂ ਘਰਾਂ ਦੀ ਮਰਯਾਦਾ ਦੀ ਬਹਾਲੀ, ਗੁਰੂ ਕਾਰ ਕਰਨੀ, ਗੁਰੂ ਤੋਂ ਆਪਾ ਵਾਰਨ ਲਈ ਸੰਗਤਾਂ ਸਮੇਂ-ਸਮੇਂ ਆਪਣੇ ਖ਼ੂਨ ਨਾਲ ਲਗਭਗ 200 ਵਰ੍ਹਿਆਂ ਦੀ ਦਾਸਤਾਨਾਂ ਰਾਹੀਂ ਇਤਿਹਾਸ ਰਚਦੀਆਂ ਰਹੀਆਂ ਹਨ। ਇਹੋ ਜਿਹਾ ਸਮਾਂ ਲਗਭਗ 50-55 ਸਾਲਾਂ ਦਾ ਆਇਆ ਜਦੋਂ ਹਕੂਮਤ ਹੱਥ ਧੋ ਕੇ ਸਿੱਖਾਂ ਦੇ ਪਿੱਛੇ ਪਈ ਹੋਈ ਸੀ। ਸਿਰਾਂ ਦੇ ਮੁੱਲ ਪਏ, ਬੰਦ-ਬੰਦ ਕੱਟੇ, ਚਰਖੜੀਆਂ ਤੇ ਚੜ੍ਹੇ, ਗਰਮ ਜੰਬੂਰਾ ਨਾਲ ਮਾਸ ਨੋਚਿਆ, ਰੂੰ ਵਿਚ ਜਲਾਇਆ, ਪੁੱਠੀਆਂ ਖੱਲਾ ਉਤਰਵਾਈਆਂ, ਬੱਚਿਆਂ ਨੂੰ ਕਟਵਾ ਕੇ ਝੋਲੀ ਵਿਚ ਪੁਆਇਆ ਅਤੇ ਹੋਰ ਬਹੁਤ ਤਸੀਹੇ ਝੱਲਦੇ ਹੋਏ ਖ਼ਾਲਸੇ ਨੂੰ ਬਹਾਲ ਕਰਨ ਲਈ ਆਪਣੇ ਖ਼ੂਨ ਨਾਲ ਸਿੰਜਿਆ।

ਇਸ ਤੋਂ ਅੱਗੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਭਾਵੇਂ ਗੁਰਦੁਆਰਿਆਂ ਦੀਆਂ ਉਸਾਰੀ ਅਤੇ ਜਗੀਰਾਂ ਲਾ ਕੇ ਸੁਧਾਰ ਹੋਇਆ ਪ੍ਰੰਤੂ ਮਰਯਾਦਾ ਦਾ ਸੁਧਾਰ ਉਸ ਸਮੇਂ ਨਹੀਂ ਹੋਇਆ। ਪਹਿਲਾਂ ਵਾਂਗ ਸੰਪਰਦਾਈ ਅਥਵਾ ਉਦਾਸੀ ਤੇ ਨਿਰਮਲੇ ਸਾਧੂਆਂ ਦੇ ਹੱਥ ਵਿਚ ਕੰਟਰੋਲ ਰਿਹਾ ਜਿਸ ਕਰਕੇ ਸਿੱਖੀ ਸਿਧਾਂਤਾਂ ਨੂੰ ਖੋਰਾ ਲੱਗਦਾ ਰਿਹਾ। ਉਸ ਤੋਂ ਉਪਰੰਤ ਅੰਗਰੇਜ਼ੀ ਹਕੂਮਤ ਨੇ ਵੀ ਸਿੱਖਾਂ ਦੀ ਜਥੇਬੰਦਕ ਅਤੇ ਗੁਰੂ ਘਰਾਂ ਦੀ ਤਾਕਤ ਨੂੰ ਆਪਣੇ ਅਤੇ ਮਹੰਤਾਂ ਦੇ ਹੱਥਾਂ ਵਿਚ ਰਖਵਾ ਆਪਣੇ ਰਾਜ ਭਾਗ ਦੀ ਬਿਹਤਰੀ ਸਮਝੀ। ਜਿਸ ਕਾਰਨ ਗੁਰਦੁਆਰਿਆਂ ਵਿਚ ਆਮਦਨ ਦੇ ਪ੍ਰਭਾਵ ਕਾਰਨ ਜੋ ਬੁਰਿਆਈਆਂ ਆਈਆਂ ਉਹ ਵੀ ਸਿੱਖ ਪੰਥ ਨੂੰ ਖੋਰਾ ਲਾਉਂਦੀਆਂ ਰਹੀਆਂ।

ਬੇਅੰਤ ਕੁਰਬਾਨੀਆਂ ਤਰਨਤਾਰਨ ਸਾਹਿਬ, ਨਨਕਾਣਾ ਸਾਹਿਬ, ਬਾਬੇ ਦੀ ਬੇਰ ਸਿਆਲਕੋਟ, ਗੁਰੂ ਕਾ ਬਾਗ ਤੇ ਗੁਰਦੁਆਰਾ ਗੰਗਸਰ ਜੈਤੋਂ ਤੇ ਹੋਰ ਅਨੇਕਾਂ ਹੀ ਗੁਰਧਾਮਾਂ ਨੂੰ ਸਿੱਖਾਂ ਨੇ ਆਪਣਾ ਖ਼ੂਨ ਡੋਲ ਕੇ ਆਜ਼ਾਦ ਕਰਵਾਏ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਤਹਿਤ ਕੁਰਬਾਨੀਆਂ ਉਪਰੰਤ 236 ਮੈਂਬਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਫਿਰ ਵੀ ਸਮੇਂ-ਸਮੇਂ ਅੰਗਰੇਜ਼ ਸਰਕਾਰ ਕੁਝ-ਕੁਝ ਕੰਟਰੋਲ ਰਾਹੀਂ ਸਿੱਖ ਵਿਰੋਧੀ ਕਾਰਵਾਈਆਂ ਕਰਦੀ ਰਹੀ।

ਅੱਜ ਦੇ ਅਜੋਕੇ ਸਮੇਂ ਵਿਚ ਵੀ ਰਾਜਨੀਤੀ ਦੀ ਦਖਲਅੰਦਾਜ਼ੀ ਧਰਮ ਤੋਂ ਉੱਪਰ ਰਹੀ ਹੈ ਜਦਕਿ ਧਰਮ ਰਾਜਨੀਤੀ ਤੋਂ ਉੱਪਰ ਹੋਣਾ ਚਾਹੀਦਾ ਹੈ। ਧਰਮ ਤੋਂ ਰਾਜਨੀਤੀ ਸੇਧ ਲਵੇ ਨਾ ਕਿ ਰਾਜਨੀਤੀ ਵਿਚ ਆਪਣੀ ਦਖਲਅੰਦਾਜ਼ੀ ਅਤੇ ਕੰਟਰੋਲ ਕਰੇ।

ਅੱਜ ਲੋੜ ਹੈ ਸਿੱਖ ਨੌਜਵਾਨਾਂ ਨੂੰ ਯੋਗ ਨੌਕਰੀਆਂ ਦਿਵਾਉਣਾ, ਉਨ੍ਹਾਂ ਲਈ ਭਵਿੱਖ ਸੁਧਾਰਨ ਲਈ ਆਈ.ਏ.ਐਸ., ਪੀ.ਸੀ.ਐਸ., ਆਈ.ਪੀ.ਐਸ., ਪੀ.ਐਮ.ਟੀ., ਸੀ.ਟੀ.ਟੀ., ਆਈ.ਟੀ.ਆਈ. ਅਤੇ ਹੋਰ ਉਦਯੋਗਿਕ ਪੜ੍ਹਾਈ ਸਿਖਲਾਈ ਦੀ ਟਰੇਨਿੰਗ ਲਈ ਸੈਂਟਰ ਚਲਾਏ ਜਾਣ ਤਾਂ ਜੋ ਭਵਿੱਖ ਸੁਧਰੇ ਅਤੇ ਅਗਾਂਹਵਧੂ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ਼ ਨਾਲ ਲੋੜਵੰਦ ਅਤੇ ਸਰਬੱਤ ਦਾ ਭਲਾ ਹੋ ਸਕੇ।

ਆਪ ਸਭ ਨੂੰ ਇਸ ਆਖਰੀ ਸੰਪਾਦਕੀ ਲਿਖਣ ਉਪਰੰਤ ਗੁਰੂ ਫਤਹਿ ਅਤੇ ਕਿਸੇ ਸਮੇਂ ਕਿਸੇ ਵਿਅਕਤੀ ਨੂੰ ਕੋਈ ਜਾਣੇ-ਅਨਜਾਣੇ ਵਿਚ ਕਹੇ ਸ਼ਬਦ ਜੇ ਕਿਸੇ ਨੂੰ ਮਾੜੇ ਲੱਗੇ ਹੋਣ ਲਈ ਖ਼ਿਮਾ ਦਾ ਜਾਚਕ ਹਾਂ।

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਲੁਬਾਣਾ ਸੇਵਕ


**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-73473-85325

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਅਪ੍ਰੈਲ - 13-4-2017 (ਵੀਰਵਾਰ)**
**ਮਈ - 14-5-2017 (ਐਤਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 61 | ਮਾਰਚ - 2017



| | | |
|---|---|---|
| 1. | ਖ਼ਾਲਸੇ ਦਾ ਹੋਲਾ-ਮਹੱਲਾ | 5 |
| 2. | ਹੋਲੀ ਤੋਂ ਹੋਲਾ-ਮਹੱਲਾ | 8 |
| 3. | ਸਿੰਘਾਂ ਦੀ ਜ਼ਿੰਦਗਾਨੀ ਨੂਰ ਮੁਹੰਮਦ ਦੀ ਜ਼ੁਬਾਨੀ | 10 |
| 4. | ਭਾਰਤੀ ਸਮਾਜ ਵਿਚ ਔਰਤ ਦੀ ਦਸ਼ਾ | 13 |
| 5. | ਪ੍ਰਧਾਨ ਦਾ ਵਿਦਾਇਗੀ ਸੁਨੇਹਾ | 17 |
| 6. | ਪੰਜਾਬ ਨੂੰ ਬੌਧਿਰ ਤੌਰ 'ਤੇ ਮਜ਼ਬੂਤ ਕਰਨ ਦੀ ਲੋੜ | 20 |
| 7. | ਕੰਮ-ਚਲਾਊ ਕੇਂਦਰੀ ਬੱਜਟ ਕਿਵੇਂ ਕਰੇਗਾ ਆਰਥਿਕ ਸੁਧਾਰ? | 22 |
| 8. | ਕਹਾਣੀ | 24 |
| 9. | ਸ਼ਹੀਦ ਭਗਤ ਸਿੰਘ ਦਾ ਅਕਸ ਅਤੇ ਨੌਜਵਾਨ | 27 |
| 10. | ਸਾਕਾ ਜਲ੍ਹਿਆਂਵਾਲਾ ਬਾਗ ਦੇ ਬੁੱਚੜ, ਜਨਰਲ ਡਾਇਰ ਅਤੇ ਸਰ ਮਾਈਕਲ ਉੱਡਵਾਇਰ | 29 |
| 11. | ਕਾਵਿ-ਕਿਆਰੀ | 31 |
| 12. | ਸਿਹਤ ਸੰਭਾਲ | 33 |
| 13. | की जाणा मैं कौण? | 34 |
| 14. | अनमोल वचन, शेयर | 35 |
| 15. | ਦਾਨੀ ਸੱਜਣਾਂ ਦੀ ਸੂਚੀ | 36 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਖ਼ਾਲਸੇ ਦਾ ਹੋਲਾ-ਮਹੱਲਾ

**ਗਿਆਨੀ ਭਗਤ ਸਿੰਘ**




ਹਿੰਦੁਸਤਾਨ ਇਕ ਅਜਿਹਾ ਦੇਸ਼ ਹੈ, ਜਿਥੇ ਵਹਿਮ-ਭਰਮ, ਪਾਖੰਡ ਅਤੇ ਬਹੁਦੇਵ ਪੂਜਾ ਪ੍ਰਧਾਨ ਰਹੀ ਹੈ। ਹੋਲੀ ਦਾ ਤਿਉਹਾਰ ਵੀ ਪੁਰਾਤਨ ਵਹਿਮਾਂ ਦਾ ਇਕ ਚਿੰਨ੍ਹ ਹੈ। ਵਰਣ ਵੰਡ ਅਨੁਸਾਰ ਹੋਲੀ ਸ਼ੂਦਰਾਂ ਦਾ ਤਿਉਹਾਰ ਹੈ। ਇਸ ਨੂੰ ਮਨਾਉਣ ਦੇ ਤੌਰ-ਤਰੀਕੇ ਸ਼ੂਦਰਾਂ ਦੇ ਆਪਣੇ ਹੀ ਹਨ। ਭੂਤਾਂ-ਪਰੇਤਾਂ ਤੇ ਜੰਤਰਾਂ-ਮੰਤਰਾਂ ਨੂੰ ਮੰਨਣ ਵਾਲੇ ਲੋਕਾਂ ਵਿਚ ਤਿੰਨ ਪ੍ਰਮੁੱਖ ਦੇਵੀਆਂ ਪ੍ਰਸਿੱਧ ਹਨ। ਕਾਮਖਿਆ ਦੇਵੀ, ਭੂਤਣ ਦੇਵੀ ਤੇ ਸੀਤਲਾ ਦੇਵੀ। ਹੋਲੀ ਦੇ ਦਿਨਾਂ ਵਿਚ ਹੀ ਵਧੇਰੇ ਭੂਤਨਿਆਂ ਦੀਆਂ ਖੇਡਾਂ ਕੀਤੀਆਂ ਜਾਂਦੀਆਂ ਹਨ। ਸੀਤਲਾ ਦੇਵੀ ਨੂੰ ਪੁੱਠੇ ਪੈਰਾਂ ਵਾਲੀ ਮੰਨਿਆ ਜਾਂਦਾ ਹੈ ਤੇ ਖੋਤੇ ਦੀ ਸਵਾਰੀ ਕਰਦੀ ਹੈ। ਮੂੰਹ ਕਾਲਾ ਤੇ ਬਦਸ਼ਕਲ ਬਣਾ ਲਿਆ ਜਾਂਦਾ ਹੈ। ਖੋਤੇ ਦੀ ਪਿੱਠ ਵਾਲੇ ਪਾਸੇ ਉਸ ਦਾ ਮੂੰਹ ਕਰਕੇ ਉਸ ਦੇ ਨਾਲ ਨਾਲ ਜਾਣ ਵਾਲੇ ਖਿੱਲੀ ਉਡਾਉਂਦੇ ਇਕ ਦੂਜੇ ਉੱਤੇ ਗੰਦ-ਮੰਦ ਸੁੱਟਦੇ, ਸ਼ਰਾਬ, ਧਤੂਰਾ ਤੇ ਭੰਗ ਆਦਿ ਨਸ਼ਿਆਂ ਵਿਚ ਗੜੁੱਚ ਹੋ ਕੇ ਸਾਰੇ ਹੀ ਸ਼ਕਲੋਂ ਬਦਸ਼ਕਲ ਹੋ ਕੇ ਪਸ਼ੂਆਂ ਵਰਗੀਆਂ ਹਰਕਤਾਂ ਕਰਦੇ ਹਨ। ਹੋਲੀ ਦੇ ਤਿਉਹਾਰ ਨਾਲ ਇਕ ਹੋਰ (ਮਿਥਿਹਾਸਕ) ਸਾਖੀ ਭਗਤ ਪ੍ਰਹਿਲਾਦ ਦੇ ਬਾਪ ਹਰਨਾਕਸ਼ ਦੀ ਭੈਣ ਹੋਲਿਕਾ ਦੀ ਵੀ ਜੋੜੀ ਜਾਂਦੀ ਹੈ। ਹੋਲਿਕਾ ਤੇ ਹਰਨਾਕਸ਼ ਵੀ ਮਿਥਿਹਾਸ ਵਿਚ ਬਦੀ ਦੇ ਚਿੰਨ੍ਹ ਹਨ ਤੇ ਪ੍ਰਹਿਲਾਦ ਨੇਕੀ ਦਾ ਚਿੰਨ੍ਹ ਹੈ। ਭਾਵ ਸੀਤਲਾ ਦੇਵੀ ਦੇ ਪੁੱਠੇ ਪੈਰ ਬਦਸ਼ਕਲ ਕਲਪ ਕੇ ਉਸ ਦਾ ਮੂੰਹ ਖੋਤੇ ਦੀ ਪਿੱਠ ਵੱਲ ਕਰਕੇ ਉਸਦੀ ਸਵਾਰੀ ਕਰਾਉਣੀ ਤੇ ਹੋਲਿਕਾ ਵੱਲੋਂ ਪ੍ਰਹਿਲਾਦ ਰੂਪੀ ਨੇਕੀ ਨੂੰ ਸਾੜਨ ਦਾ ਅਥਵਾ ਖਤਮ ਕਰਨ ਦਾ ਚਿੰਨ੍ਹ ਸਮਝ ਕੇ ਇਕ ਦੂਜੇ ਦੇ ਸਿਰ ਵਿਚ ਸੁਆਹ ਪਾਉਣੀ ਆਦਿ ਕਰਮ ਕੀਤੇ ਜਾਂਦੇ ਹਨ। ਉਸ ਨੂੰ ਨਫ਼ਰਤ ਕਰਨ ਦੀ ਥਾਂ ਅਗਿਆਨੀ, ਵਹਿਮੀ, ਦੁਰਾਚਾਰੀ ਤੇ ਕਰਮਕਾਂਡੀ ਮਨੁੱਖਾਂ ਨੇ ਪ੍ਰਸਪਰ ਇਕ ਦੂਜੇ ਦੇ ਸਿਰਾਂ ਵਿਚ ਖੇਹ ਸਵਾਹ ਪਾ ਕੇ ਗੰਦ-ਮੰਦ ਖਲਾਰ ਕੇ ਗਲੀਜ਼ ਤੇ ਅਸੱਭਯ ਹਰਕਤਾਂ ਰਾਹੀਂ ਜੀਵਨ ਨੂੰ ਭ੍ਰਸ਼ਟ ਕਰਨਾ ਹੀ ਹੋਲੀ ਦੇ ਤਿਉਹਾਰ ਨੂੰ ਮਨਾਉਣਾ ਮੰਨ ਲਿਆ ਹੈ। ਬੁਰਾਈ ਨੂੰ ਨਫ਼ਰਤ ਕਰਨ ਦੀ ਥਾਂ ਤਿਉਹਾਰ ਮਨਾਉਣ ਲੱਗਿਆਂ ਲੋਕ ਆਪ ਬੁਰਾਈ ਦਾ ਰੂਪ ਬਣ ਜਾਂਦੇ ਹਨ ਤੇ ਨੀਵੀਆਂ ਹਰਕਤਾਂ ਕਰਕੇ ਬਦੀ ਦਾ ਪ੍ਰਚਾਰ ਕਰਦੇ ਹਨ।

ਗੁਰੂ-ਮਹਾਰਾਜ ਨੇ ਜਿਥੇ ਧਾਰਮਕ, ਸਮਾਜਕ ਤੇ ਰਾਜਨੀਤਿਕ ਜਾਗ੍ਰਿਤੀ ਲਿਆਂਦੀ, ਉਥੇ ਸਮਾਜ ਦੇ ਨੀਵੇਂ, ਗੰਦੇ ਤੇ ਚਿਰਾਂ ਤੋਂ ਗੰਧਲੇ ਚਲੇ ਆ ਰਹੇ ਰਸਮੋ-ਰਿਵਾਜ ਨੂੰ ਵੀ ਨਵਾਂ ਰੂਪ ਦਿੱਤਾ। ਹਿੰਦੁਸਤਾਨ ਗੁਲਾਮੀ ਦੇ ਕਾਰਨ ਆਪਣਾ ਵਿਰਸਾ ਭੁੱਲ ਚੁੱਕਾ ਸੀ। ਗੁਲਾਮ ਕੌਮਾਂ ਦੇ ਰੀਤੀ-ਰਿਵਾਜ਼ ਗੁਲਾਮਾਂ ਵਾਲੇ ਬਣ ਜਾਂਦੇ ਹਨ। ਗੁਰੂ-ਮਹਾਰਾਜ ਨੇ ਫਜ਼ੂਲ ਰਸਮਾਂ ਦੀ ਕਾਂਟ-ਛਾਂਟ ਕਰਕੇ ਉਨ੍ਹਾਂ ਨੂੰ ਸਾਰਥਕ ਰੂਪ ਦਿੱਤਾ। ਵਿਸਾਖੀ ਤੇ ਦੀਵਾਲੀ ਦਾ ਸਰੂਪ ਗੁਰੂ ਅਮਰਦਾਸ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਬਦਲਿਆ ਗਿਆ ਅਤੇ ਹੋਲੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲੇ' ਦੇ ਰੂਪ ਵਿਚ ਪ੍ਰਗਟ ਕੀਤਾ। ਸਮੇਂ ਦੀ ਲੋੜ ਅਨੁਸਾਰ ਫਜ਼ੂਲ ਰਸਮਾਂ-ਰਿਵਾਜਾਂ ਤੇ ਤਿਉਹਾਰ ਦੀਆਂ ਗਲਤ ਰਵਾਇਤਾਂ ਵਿਚ ਸਮਾਂ ਨਸ਼ਟ ਕਰਨ ਦੀ ਥਾਂ ਇਸ ਨੂੰ ਉਸਾਰੂ ਤੇ ਜ਼ਿੰਦਗੀ ਵਿਚ ਸੁਹਜ ਪੈਦਾ ਕਰਨ ਲਈ 'ਹੋਲੇ' ਸਮੇਂ ਪੁਰਾਤਨ ਸੂਰਮਿਆਂ ਦੀਆਂ ਵਾਰਾਂ ਢਾਡੀ ਗਾਉਂਦੇ। ਪੁਰਾਤਨ ਬੀਰ ਰਸੀ ਸਾਹਿਤ ਤੇ ਜ਼ਿੰਦਗੀ ਨੂੰ ਸੁੰਦਰ ਬਣਾਉਣ ਵਾਲੇ ਸੁਨਹਿਰੀ ਨੁਕਤੇ ਲੋਕਾਂ ਦੇ ਸਾਹਮਣੇ ਪੇਸ਼ ਕੀਤੇ ਜਾਂਦੇ। ਮੁਗ਼ਲ ਰਾਜ ਦੀ ਗੁਲਾਮੀ ਦਾ ਅਹਿਸਾਸ ਕਰਵਾਇਆ ਜਾਂਦਾ। ਦੀਵਾਨ ਸੱਜਦੇ, ਕਥਾ ਵਾਰਤਾ ਹੁੰਦੀ ਤੇ ਗਿਆਨ ਚਰਚਾ ਦੇ ਨਾਲ ਨਾਲ ਸ਼ਸਤਰ-ਵਿੱਦਿਆ ਦੀ ਸਿਖਲਾਈ ਦਿੱਤੀ ਜਾਂਦੀ। ਕਿਸੇ ਕੌਮ ਨੂੰ ਧਾਰਮਕ, ਸਮਾਜਿਕ ਤੇ ਰਾਜਸੀ ਆਜ਼ਾਦੀ ਹਾਸਲ ਕਰਨ ਲਈ ਮਾਨਸਿਕ ਤੇ ਸਰੀਰਕ ਬਲ ਵਧਾਉਣ ਦੀ ਲੋੜ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਆਤਮਕ ਬਲ ਪੈਦਾ ਕਰਨ ਲਈ ਨਵੀਂ ਰੂਹ ਫੂਕਣ ਲਈ ਲੋੜੀਂਦੇ ਪੁਰਾਤਨ ਸਾਹਿਤ ਦਾ ਉਲਥਾ ਦੇਸੀ ਭਾਸ਼ਾ ਵਿਚ ਕਰਵਾਇਆ, ਉਥੇ ਸਰੀਰਕ ਬਲ ਪੈਦਾ ਕਰਨ ਲਈ ਸ਼ਿਕਾਰ ਖੇਡਣਾ, ਤੈਰਾਕੀ, ਘੋੜ ਸਵਾਰੀ, ਕੁਸ਼ਤੀਆਂ, ਜਿਸਮਾਨੀ ਵਰਜਿਸ਼ ਦੇ ਤੌਰ-ਤਰੀਕੇ ਵਰਤਣੇ ਆਰੰਭ ਕਰ ਦਿੱਤੇ। ਉਸ ਸਮੇਂ ਦੇ ਪ੍ਰਚੱਲਤ ਸ਼ਸਤਰਾਂ ਤੇ ਅਸਤਰਾਂ ਦੀ ਸਿਖਲਾਈ ਹਰ ਗੁਰਸਿੱਖ ਲਈ ਜ਼ਰੂਰੀ ਕਰਾਰ ਦਿੱਤੀ। ਹੋਲੇ ਮਹੱਲੇ ਸਮੇਂ ੧੫ ਦਿਨ ਆਨੰਦਪੁਰ ਸਾਹਿਬ ਵਿਚ ਬੀਰ ਰਸੀ ਵਾਰਾਂ ਦੇ ਅਤੇ ਸ਼ਸਤਰ ਵਿੱਦਿਆ ਦੇ ਉਚੇਚੇ ਅਭਿਆਸ ਕਰਵਾਏ ਜਾਂਦੇ। ਦੇਸ਼ ਦੇ ਹਰ ਕੋਨੇ ਤੋਂ ਸੰਗਤਾਂ ਇਕੱਤਰ ਹੁੰਦੀਆਂ, ਸਿੱਖਾਂ ਨੂੰ ਦਸਤਾਰ ਸਜਾਉਣ ਅਥਵਾ ਯੂਨੀਫਾਰਮ ਦੀ ਉਚੇਚੀ ਸਿਖਲਾਈ ਦਿੱਤੀ ਜਾਂਦੀ, ਜੋ ਹਰ ਕੌਮ ਦੇ ਬੀਰ ਰਸੀ ਕਰਤੱਵ ਲਈ ਜ਼ਰੂਰੀ ਹੁੰਦਾ ਹੈ। ਸਸਤਰਧਾਰੀ ਸਿੱਖਾਂ ਦੇ ਦੋ ਵਿਰੋਧੀ ਗਰੁੱਪ ਬਣਾ ਕੇ ਉਨ੍ਹਾਂ ਦੀ ਬਨਾਉਟੀ ਜੰਗ ਕਰਵਾ ਕੇ ਬੀਰ ਰਸੀ ਅਤੇ ਨੀਤੀ ਵਿਚ

ਨਿਪੁੰਨ ਕੀਤਾ ਜਾਂਦਾ। ਹੋਲੇ ਸਮੇਂ ਇਹ ਸਾਰੇ ਕਰਤੱਵ ਪੂਰੇ ਹੋ ਜਾਂਦੇ ਹਨ ਅਤੇ ਆਖਰੀ ਦਿਨ 'ਮਹੱਲੇ' ਲਈ ਨਿਯਤ ਕੀਤਾ ਜਾਂਦਾ ਹੈ। 'ਹੋਲਾ ਮਹੱਲਾ' ਦਾ ਮਤਲਬ ਹੱਲੇ ਨਾਲ ਜਾਂ ਧਾਵਾ ਬੋਲ ਕੇ ਹੋਲਾ ਸਮਾਪਤ ਕਰਨਾ ਹੈ। ਉਸ ਸਮੇਂ ਦੇ ਸ਼ਕਤੀਸ਼ਾਲੀ ਸਮਰਾਟ ਔਰੰਗਜ਼ੇਬ ਦੀ ਫਰਜ਼ੀ ਕਬਰ ਬਣਾ ਕੇ ਉਸ ਉੱਤੇ ਛਿੱਤਰ ਮਾਰੇ ਜਾਂਦੇ ਸਨ। ਇਹ ਸਿੱਖ ਫੌਜਾਂ ਦਾ ਮਨੋਬਲ ਉੱਚਾ ਕਰਨ ਦਾ ਅਤੇ ਵਧਾਉਣ ਦਾ ਇਕ ਅਨੋਖਾ ਤੇ ਅਲੌਕਿਕ ਤਰੀਕਾ ਸੀ, ਜਿਸ ਦਾ ਅਸਰ ਇਹ ਹੁੰਦਾ ਹੈ ਕਿ ਹੋਲੇ ਮਹੱਲੇ ਵਿਚ ਭਾਗ ਲੈਣ ਵਾਲਾ ਹਰ ਗੁਰਸਿੱਖ ਫੌਜੀ ਜ਼ਬਤ ਵਿਚ ਪ੍ਰਪੱਕ ਹੋ ਕੇ ਸਿੱਖੀ ਸ਼ਰਧਾ ਤੇ ਸੂਰਬੀਰਤਾ ਵਾਲੇ ਗੁਣ ਗ੍ਰਹਿਣ ਕਰਕੇ ਗਿੱਦੜਾਂ ਤੋਂ ਸ਼ੇਰ ਬਣ ਕੇ ਸੰਸਾਰ ਵਿਚ ਧਰਮ ਚਲਾਉਣ ਲਈ ਕੁਰਬਾਨੀ ਵਰਗੇ ਮਹਾਨ ਗੁਣਾਂ ਦਾ ਧਾਰਨੀ ਬਣ ਕੇ ਹਰ ਵੇਲੇ ਸ਼ਹੀਦੀ ਲਈ ਤੱਤਪਰ, ਯਾਨੀ ਜੁਝਾਰੂ ਹੋ ਕੇ ਅਨੰਦਪੁਰ ਸਾਹਿਬ ਤੋਂ ਆਪਣੇ ਘਰਾਂ ਨੂੰ ਪਰਤਦਾ। ਨਤੀਜੇ ਵਜੋਂ ਅਜਿਹੇ ਗੁਰੂ ਦੇ ਸਿੱਖ ਜਿਥੇ ਵਿਚਰਦੇ, ਆਪਣੇ ਵਰਗੇ ਹੋਰ ਅਨੇਕਾਂ ਧਰਮੀਆਂ ਨੂੰ ਧਰਮ ਦੀ ਖਾਤਰ ਜੂਝਣ ਤੇ ਸ਼ਹੀਦ ਹੋਣ ਲਈ ਤੱਤਪਰ ਕਰਦੇ। ਇਸ ਤਰ੍ਹਾਂ ਗੁਰੂ ਸਾਹਿਬ ਨੇ ਜੁਝਾਰੂ ਲਹਿਰ ਦਾ ਆਰੰਭ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਮੁਰਦਿਆਂ ਵਿਚ ਜਾਨਾਂ ਪਾ ਕੇ, ਚਿੜੀਆਂ ਤੋਂ ਬਾਜ਼ ਤੁੜਾ ਕੇ, ਬੁਜ਼ਦਿਲ, ਕਮਜ਼ੋਰ, ਕਾਇਰ ਤੇ ਆਲਸੀ ਲੋਕਾਂ ਵਿਚ ਸੂਰਬੀਰਤਾ ਭਰ ਕੇ ਠੰਡੇ ਖੂਨ ਨੂੰ ਗਰਮਾ ਕੇ ਜੁਝਾਰੂ ਲਹਿਰ ਨੂੰ ਜਨਮ ਦਿੱਤਾ। ਕੋਈ ਵੀ ਧਰਮ ਅਥਵਾ ਮਹਾਨ ਫਿਲਾਸਫੀ ਤੇ ਨਿੱਗਰ ਤੋਂ ਨਿੱਗਰ ਵਿਚਾਰ ਵੀ ਜੁਝਾਰੂ ਬਿਰਤੀ ਤੋਂ ਬਿਨਾਂ ਬਚ ਨਹੀਂ ਸਕਦੇ। ਜਿਵੇਂ ਖੇਤੀ ਤੇ ਬਾਗ ਆਦਿ ਦੇ ਇਰਦ-ਗਿਰਦ ਵਾੜ ਕਰਨ ਤੋਂ ਬਿਨਾਂ ਖੇਤੀ ਨੂੰ ਪਸ਼ੂ ਉਜਾੜ ਦਿੰਦੇ ਹਨ, ਇਸੇ ਤਰ੍ਹਾਂ ਪਸ਼ੂ-ਬਿਰਤੀ ਵਾਲੇ ਰਾਖਸ਼-ਬੁੱਧੀ ਦੇ ਮਾਲਕ ਧਾਰਮਕ ਵਿਚਾਰਾਂ ਨੂੰ ਖਤਮ ਕਰਕੇ ਸੰਸਾਰ ਵਿਚ ਪ੍ਰਚੱਲਤ ਨਹੀਂ ਹੋਣ ਦਿੰਦੇ। ਗੁਰੂ-ਮਹਾਰਾਜ ਦੇ ਵਿਚਾਰ ਅਨੁਸਾਰ, ਜਦੋਂ ਮਨੁੱਖ ਦੇ ਮੁਢਲੇ ਅਧਿਕਾਰਾਂ ਨੂੰ ਅਥਵਾ ਧਰਮ ਨੂੰ ਬਚਾਉਣ ਲਈ ਸਾਰੇ ਹੀਲੇ ਖਤਮ ਹੋ ਜਾਣ, ਕੋਈ ਦਲੀਲ ਕੰਮ ਨਾ ਕਰੇ, ਦੁਸ਼ਟ ਦੋਖੀ ਆਪਸੀ ਅੜੀ ਉਤੇ ਕਾਇਮ ਰਹਿਣ ਤਾਂ ਇਕ ਧਾਰਮਕ ਪੁਰਸ਼ ਲਈ ਵੀ ਜੁਝਾਰੂ ਬਿਰਤੀ ਧਾਰਨ ਕਰਨੀ ਜ਼ਰੂਰੀ ਹੈ। ਮਹਾਰਾਜ ਦਾ ਫ਼ਰਮਾਨ ਹੈ :

**ਜਬ ਆਵ ਕੀ ਅਉਧ ਨਿਦਾਨ ਬਨੈ,**
**ਅਤਿ ਹੀ ਰਨ ਮੈ ਤਬ ਜੂਝ ਮਰੋਂ॥**

**(ਚੰਡੀ ਚਰਿਤ੍ਰ)**

ਗੁਰੂ ਜੀ ਇਕ ਥਾਂ ਹੋਰ ਫ਼ਰਮਾਉਂਦੇ ਹਨ :

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥੨੨॥**

**(ਜ਼ਫਰਨਾਮਾ)**

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਿੱਖਾਂ ਨੂੰ ਸ਼ਸ਼ਤਰਾਂ ਨਾਲ ਪ੍ਰੇਮ ਕਰਨ ਦੀ ਅਮੁੱਲੀ ਦਾਤ ਬਖਸ਼ੀ ਅਤੇ ਗੁਰੂ-ਦਰਬਾਰ ਵਿਚ ਆਉਣ ਵਾਲੇ ਸਿੱਖ ਨੂੰ ਸ਼ਸਤਰ ਤੇ ਘੋੜਾ ਲੈ ਕੇ ਆਉਣ ਦੀ ਆਗਿਆ ਕੀਤੀ। ਇਸੇ ਪਰੰਪਰਾ ਨੂੰ ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਕਾਇਮ ਰੱਖਿਆ। ਜਦੋਂ ਵੀ ਗੁਰੂ ਸਾਹਿਬ ਪ੍ਰਚਾਰ-ਦੌਰਿਆਂ 'ਤੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਜਾਂਦੇ ਤਾਂ ਸੈਂਕੜੇ ਸੂਰਬੀਰ ਸ਼ਸਤਰਧਾਰੀ ਘੋੜ ਸਵਾਰ ਯੋਧੇ ਸਿੱਖ ਗੁਰੂ-ਮਹਾਰਾਜ ਦੀ ਤਾਬਿਆ ਹੁੰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜੁਝਾਰੂ ਬਿਰਤੀ ਨੂੰ ਪ੍ਰਚੰਡ ਹੀ ਨਹੀਂ ਕੀਤਾ



ਸਗੋਂ ਸੰਸਾਰ ਦੇ ਮਹਾਨ ਜਰਨੈਲਾਂ, ਨੀਤੀਵਾਨਾਂ, ਰੂਹਾਨੀ ਆਗੂਆਂ, ਯੋਧਿਆਂ, ਸੂਰਬੀਰ ਬਹਾਦਰਾਂ ਨੂੰ ਆਪਣੇ ਜੰਗੀ ਕਾਰਨਾਮਿਆਂ ਦੇ ਚਮਤਕਾਰ ਦਿਖਾ ਤੇ ਚਕ੍ਰਿਤ ਕਰ ਦਿੱਤਾ। ਸੰਸਾਰ ਦੇ ਸਾਰੇ ਸੂਰਬੀਰ ਯੋਧੇ ਸ਼ਸਤਰਾਂ ਦਾ ਸਤਕਾਰ ਕਰਦੇ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਸ਼ਸਤਰ ਸ਼ਕਤੀ ਨੂੰ ਸਵੀਕਾਰਦੇ ਹੋਏ ਇਨ੍ਹਾਂ ਨੂੰ ਅਕਾਲ ਪੁਰਖ ਦੀ ਪਰਮ ਸ਼ਕਤੀ ਦਾ ਚਮਤਕਾਰ ਮੰਨਦੇ ਹੋਏ ਦੁਸ਼ਟ, ਦੋਖੀਆਂ ਤੇ ਮੂਰਖਾਂ ਦੇ ਸੰਘਾਰਦਾ ਸਾਧਨ ਮੰਨਦੇ ਹਨ। ਸੰਸਾਰ ਵਿਚ ਨੇਕੀ ਭਾਵ ਸ਼੍ਰੇਸ਼ਟ ਮਨੁੱਖਾਂ ਦੀ ਵਿਚਾਰਧਾਰਾ ਦੀ ਰਾਖੀ ਲਈ ਜੁਝਾਰੂ ਬਿਰਤੀ ਆਦਿ ਜ਼ਰੂਰੀ ਹੈ। ਸ਼ਸਤਰ ਇਸ ਦਾ ਅਨਿੱਖੜਵਾਂ ਅੰਗ ਹਨ। ਇਹ ਪੀਰਾਂ, ਫਕੀਰਾਂ, ਸਾਧੂ-ਸੰਤਾਂ, ਰਾਜਿਆਂ-ਮਹਾਂਰਾਜਿਆਂ, ਦਾਨੀਆਂ ਤੇ ਹਰ ਪ੍ਰਕਾਰ ਦੀਆਂ ਸ਼ਕਤੀਆਂ ਤੋਂ ਉਤਮ ਹਨ। ਸਭ ਸ਼ਕਤੀਆਂ ਇਨ੍ਹਾਂ ਦਾ ਪਾਣੀ ਭਰਦੀਆਂ ਹਨ। ਕਲਗੀਧਰ-ਪਿਤਾ ਦਾ ਫ਼ਰਮਾਨ ਹੈ :

**ਅਸਿ ਕ੍ਰਿਪਾਨ ਖੰਡੋ ਖੜਗ,**
**ਤੁਪਕ ਤਬਰ ਅਰੁ ਤੀਰ।**
**ਸੈਫ ਸਰੋਹੀ ਸੈਬੀ, ਯਹੈ ਹਮਾਰੈ ਪੀਰ।**


ਗੁਰੂ ਗੋਬਿੰਦ ਸਿੰਘ ਜੀ ਨੇ ਸਭ ਵਸਤੂਆਂ ਤੋਂ ਅਸਤਰਾਂ ਸ਼ਸਤਰਾਂ ਨੂੰ ਵੱਧ ਪਿਆਰ ਕੀਤਾ ਅਤੇ ਹਰ ਸਿੰਘ ਲਈ ਸ਼ਸਤਰਧਾਰੀ ਹੋਣਾ ਜ਼ਰੂਰੀ ਕਰਾਰ ਦਿੱਤਾ। 'ਬਿਨਾਂ ਸ਼ਸਤਰ ਕੇਸੰ ਨ ਦੇ ਹੋ ਦਿਦਾਰੇ।' ਸ਼ਸਤਰਾਂ ਤੋਂ ਬਿਨਾਂ ਮਨੁੱਖ ਭੇਡ ਸਮਾਨ ਹੈ-ਜਿਹੜਾ ਮਰਜ਼ੀ ਉਸ ਨੂੰ ਹਿੱਕ ਕੇ ਅੱਗੇ ਲਾ ਲਵੇ ਤੇ ਉਸ ਦੀ ਉੱਨ ਲਾਹ ਲਵੇ। ਸਵੈ-ਮਾਣ, ਸਵੈ-ਰੱਖਿਆ ਅਤੇ ਜਿੱਤ ਤੇ ਚੜ੍ਹਦੀ ਕਲਾ ਦੀ ਨਿਸ਼ਾਨੀ ਕੇਵਲ ਕਿਰਪਾਨ ਹੀ ਹੈ, ਜੋ ਸਮੂਹ ਸ਼ਸਤਰਾਂ ਦਾ ਚਿੰਨ੍ਹ ਹੈ। ਸਮੂਹ ਸ਼ਸਤਰਾਂ ਨੂੰ ਖੜਗਧਾਰੀ ਪਿਤਾ ਪ੍ਰਣਾਮ ਕਰਦੇ ਹਨ :

**ਜਿਤੇ ਸ਼ਸਤ੍ਰ ਨਾਮੰ॥ ਨਮਸਕਾਰ ਤਾਮੰ॥੯੧॥**

**(ਅਧਿ. ੧.੯੧)**

ਇਥੋਂ ਤਕ ਕਿ ਗੁਰੂ-ਮਹਾਰਾਜ ਨੇ ਅਕਾਲ ਪੁਰਖ ਨੂੰ ਵੀ ਖੜਗਧਾਰੀ ਤੱਸਵਰ ਕੀਤਾ ਹੈ। ਮਨੁੱਖ ਵਿਚ ਮੌਤ ਤੋਂ ਨਿਡਰ ਹੋਣਾ ਤੇ ਸ਼ਸਤਰਧਾਰੀ ਹੋਣਾ ਅਸਲ ਵਿਚ ਮਾਨਵਤਾ ਦਾ ਚਿੰਨ੍ਹ ਹੈ। ਗੁਰੂ ਜੀ ਨੇ ਫੁਰਮਾਇਆ ਹੈ :

**ਧੰਨਿ ਜੀਓ ਤਿਹ ਕੋ ਜਗ ਮੈ,**
**ਮੁਖ ਤੇ ਹਰਿ ਚਿੱਤ ਮੈ ਜੁੱਧੁ ਬੀਚਾਰੈ॥**
**ਦੇਹ ਅਨਿੱਤ ਨ ਨਿੱਤ ਰਹੈ,**



**ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥**
**ਧੀਰਜ ਧਾਮ ਬਨਾਇ ਇਹੈ,**
**ਬੁਧਿ ਸੁ ਦੀਪਕ ਜਿਉਂ ਉਜੀਆਰੈ॥**
**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ,**
**ਕਾਤਰਤਾ ਕੁਤਵਾਰ ਬੁਹਾਰੈ॥**

(ਪੰਨਾ ੫੭੦)

ਇਸ ਸਵੱਈਏ ਵਿਚ ਗੁਰੂ-ਮਹਾਰਾਜ ਨੇ ਜੀਵਨ-ਤੱਤ ਬਿਆਨ ਕੀਤਾ ਹੈ, ਜੋ ਜੁਝਾਰੂ ਬਿਰਤੀ ਦਾ ਪ੍ਰਤੀਕ ਹੈ। ਜਿਹੜਾ ਮਨੁੱਖ ਦੇਹ ਨੂੰ ਅਨਿੱਤ ਸਮਝਦਾ ਹੈ, ਉਹ ਹੀ ਮੌਤ ਦੇ ਡਰ ਤੋਂ ਰਹਿਤ ਹੋ ਸਕਦਾ ਹੈ। ਉਹ ਹੀ ਹਰ ਵੇਲੇ ਜੀਵਨ-ਸੰਘਰਸ਼ ਨੂੰ ਸਮਝ ਕੇ ਹਰ ਵੇਲੇ ਯੁੱਧ ਲਈ ਤੱਤਪਰ ਰਹਿੰਦਾ ਹੈ। ਇਸ ਮੂਲ ਤੱਤ ਦੀ ਅਗਿਆਨਤਾ ਕਾਰਨ ਮਨੁੱਖ ਕਾਇਰ, ਬੁਜ਼ਦਿਲ, ਬੇਅਣਖਾ ਤੇ ਗੁਲਾਮੀ ਵਾਲਾ ਜੀਵਨ ਬਤੀਤ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਨੋਰਥ ਦੀ ਅਜ਼ਮਾਇਸ਼ ਲਈ ਸਭ ਤੋਂ ਪਹਿਲਾਂ ਪਾਉਂਟਾ ਸਾਹਿਬ ਨੇੜੇ ਭੰਗਾਣੀ ਯੁੱਧ ਕਰਕੇ ਬਚਿੱਤਰ ਲੀਲ੍ਹਾ ਰਚੀ, ਜਿਸ ਵਿਚ ਸ਼ਹੀਦ ਹੋਣ ਵਾਲੇ ਸਿੱਖ ਨੂੰ ਗੁਰੂ ਜੀ ਨੇ ਜੁਝਾਰੂ ਦਾ ਪਰਮ ਪਦ ਬਖਸ਼ਿਆ। ਕਿਸੇ ਵੀ ਧਰਮ ਯੁੱਧ ਵਿਚ ਜੂਝਣ ਵਾਲੇ ਸਿੰਘ ਨੂੰ ਜੁਝਾਰੂ ਆਖਿਆ ਜਾਂਦਾ ਹੈ ਬਸ਼ਰਤੇ ਕਿ ਉਸ ਵਿਚ ਸੱਚਾਈ, ਨਿਮਰਤਾ, ਦਇਆ, ਧੀਰਜ ਤੇ ਖਿਮਾ ਦੇ ਮਹਾਨ ਗੁਣ ਮੌਜੂਦ ਹੋਣ।

ਜਿਹੜਾ ਇਨ੍ਹਾਂ ਤੋਂ ਬਿਨਾਂ ਮੁਲਕਗੀਰੀ ਲਈ, ਕਿਸੇ ਨੂੰ ਗੁਲਾਮ ਕਰਨ ਲਈ, ਨਿੱਜੀ ਮਨੋਰਥ ਲਈ, ਕਿਸੇ ਸਰਕਾਰ ਤੋਂ ਤਨਖਾਹ ਲੈ ਕੇ ਉਸ ਦੀ ਧੱਕੇਖੋਰ ਨੀਤੀ ਨੂੰ ਕਾਇਮ ਰੱਖਣ ਲਈ ਮੈਦਾਨੇ ਜੰਗ ਵਿਚ ਮਰ ਜਾਂਦਾ ਹੈ, ਕਿਸੇ ਔਰਤ, ਬੁੱਢੇ ਅਤੇ ਬੱਚੇ 'ਤੇ ਹਮਲਾ ਕਰਦਾ ਹੈ, ਉਹ ਜੁਝਾਰੂ ਨਹੀਂ ਅਖਵਾ ਸਕਦਾ, ਹੋਰ ਜੋ ਮਰਜ਼ੀ ਅਖਵਾਏ। ਜੁਝਾਰੂ ਬਿਰਤੀ ਵਾਲੇ ਸਿੱਖ ਵਿਚ ਨਿੱਜੀ ਸਵਾਰਥ ਤੇ ਹੰਕਾਰ ਨਹੀਂ ਹੋ ਸਕਦਾ। ਹੰਕਾਰੀ ਸਦਾ ਦੁਖੀ ਹੁੰਦਾ ਹੈ। ਗੁਰਵਾਕ ਹੈ :

**ਸੂਰੇ ਏਹਿ ਨ ਆਖੀਅਹਿ ਅਹੰਕਾਰਿ**
**ਮਰਹਿ ਦੁਖੁ ਪਾਵਹਿ॥**

**(ਵਾਰ ਮਾਰੂ ੩ ਪੰਨਾ ੧੦੮੯)**

ਜੁਝਾਰੂ ਦੇ ਮਨ ਵਿਚ ਧਰਮ ਯੁੱਧ ਦਾ ਚਾਉ, ਧਰਮ ਨੂੰ ਬਚਾਉਣ ਲਈ ਜੁਝਾਰੂ ਬਿਰਤੀ ਭਾਵ ਮੌਤ ਦੀ ਨਿਰਭੈਤਾ ਦਾ ਹੋਣਾ ਅਤਿ ਜ਼ਰੂਰੀ ਹੈ। ਭਾਵੇਂ ਚਾਂਦਨੀ ਚੌਂਕ ਵਿਚ ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਦਿਆਲਾ, ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਸ਼ਹੀਦੀਆਂ ਦੇ ਰਹੇ ਹਨ ਜਾਂ ਭੰਗਾਣੀ ਦੇ ਯੁੱਧ ਵਿਚ ਬਾਬਾ ਸੰਗੋ ਸ਼ਾਹ, ਬਾਬਾ ਜੀਤ ਮੱਲ ਮੈਦਾਨੇ ਜੰਗ ਵਿਚ ਜੂਝ ਰਹੇ ਹਨ, ਦੋਵੇਂ ਥਾਵਾਂ 'ਤੇ ਮੰਤਵ ਇਕੋ ਹੀ ਹੈ, ਧਰਮ-ਰੱਖਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਅੱਜ ਤਕ ਹਰ ਸਾਲ ਹੋਲੇ ਦੇ ਪ੍ਰੋਗਰਾਮਾਂ ਵਿਚ ਸਿੰਘ ਵਧ-ਚੜ੍ਹ ਕੇ ਉਤਸਾਹ ਨਾਲ ਹਿੱਸਾ ਲੈਂਦੇ ਹਨ। ਆਖਰੀ ਦਿਨ ਆਨੰਦਪੁਰ ਸਾਹਿਬ ਤੇ ਹੋਰ ਕਈ ਥਾਈਂ ਹੋਲਾ ਮਹੱਲਾ ਜਲੂਸ ਦੀ ਸ਼ਕਲ ਵਿਚ ਕੱਢਿਆ ਜਾਂਦਾ ਹੈ ਜਿਸ ਦੀ ਪਰੰਪਰਾ ਨਿਹੰਗ ਸਿੰਘਾਂ ਨੇ ਅਪਣਾਈ ਹੋਈ ਹੈ। ਇਸ ਤਰ੍ਹਾਂ ਸਿੰਘਾਂ ਵਿਚ ਜੁਝਾਰੂ ਬਿਰਤੀ ਪ੍ਰਪੱਕ ਹੁੰਦੀ ਜਾਂਦੀ ਹੈ। ਸਮੇਂ ਦੇ ਨਾਲ ਨਾਲ ਕਈ ਵਾਰ ਸਿੰਘਾਂ ਦੇ ਉਤਸ਼ਾਹ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹੇ। ਸਿੱਖਾਂ 'ਤੇ ਜ਼ਿਆਦਾ ਜ਼ੁਲਮ ਹੋਏ ਤਾਂ ਜ਼ਿਆਦਾ ਜੁਝਾਰੂ ਪੈਦਾ ਹੋ ਗਏ।

ਹਕੂਮਤਾਂ ਨਿਆਂ ਵੱਲ ਤੁਰੀਆਂ ਤਾਂ ਜੁਝਾਰੂ ਘੱਟ ਪ੍ਰਗਟ ਹੋਣੇ ਸ਼ੁਰੂ ਹੋ ਗਏ। ਪਰ ਇਹ ਜੁਝਾਰੂ ਲਹਿਰ ਜੋ ਖਾਲਸਾ-ਪੰਥ ਦੇ ਹੱਕ ਦੀ ਰਾਖੀ ਲਈ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲੀ ਆ ਰਹੀ ਹੈ, ਨਾ ਕਦੇ ਮੁੱਕੀ ਹੈ ਤੇ ਨਾ ਅੱਗੋਂ ਮੁੱਕ ਸਕੇਗੀ।

ਜ਼ੁਲਮ ਕਰਨ ਵਾਲੇ ਹਾਕਮ ਖਤਮ ਤੇ ਬਰਬਾਦ ਹੁੰਦੇ ਰਹਿਣਗੇ ਪਰ ਜੁਝਾਰੂ ਸਿੰਘ ਨਹੀਂ ਮੁੱਕਦੇ। 'ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ-ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।' ਸਿੱਖਾਂ ਨੂੰ ਹਰ ਸਾਲ ਹੋਲਾ ਮਹੱਲਾ ਇਹ ਯਾਦ ਕਰਵਾਉਂਦਾ ਰਹੇਗਾ।



# ਹੋਲੀ ਤੋਂ ਹੋਲਾ-ਮਹੱਲਾ

ਸ. ਸੁਖਦੇਵ ਸਿੰਘ ਸ਼ਾਂਤ



ਹੋਲੀ ਦੇ ਤਿਉਹਾਰ ਦਾ ਆਧਾਰ ਮਹਾਂਭਾਰਤ ਅਤੇ ਪੁਰਾਣਾਂ ਵਿਚ ਹਰਨਾਖਸ਼ ਅਤੇ ਉਸ ਦੇ ਪੁੱਤਰ ਪ੍ਰਹਿਲਾਦ ਨਾਲ ਸੰਬੰਧਤ ਇਕ ਕਥਾ ਹੈ। ਇਸ ਪੌਰਾਣਿਕ ਕਥਾ ਅਨੁਸਾਰ ਪ੍ਰਹਿਲਾਦ ਪ੍ਰਭੂ ਦਾ ਇਕ ਭਗਤ ਸੀ। ਬਚਪਨ ਵਿਚ ਹੀ ਪ੍ਰਭੂ ਦਾ ਨਾਮ ਉਸ ਦੇ ਮਨ ਵਿਚ ਤੇ ਜੀਭ 'ਤੇ ਹਰ ਵੇਲੇ ਰਹਿੰਦਾ ਸੀ। ਉਸ ਦਾ ਪਿਉ ਬਹੁਤ ਸ਼ਕਤੀਸ਼ਾਲੀ ਸੀ ਅਤੇ ਮੌਤ ਤੋਂ ਬਚਣ ਦੇ ਕਈ ਤਥਾ ਕਥਿਤ ਵਰ ਪ੍ਰਾਪਤ ਕਰ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਪ੍ਰਹਿਲਾਦ ਉਸ ਦਾ ਹੀ ਨਾਮ ਜਪੇ। ਪ੍ਰਭੂ ਦਾ ਨਾਮ ਜਪਣਾ ਉਸ ਨੂੰ ਪ੍ਰਵਾਨ ਨਹੀਂ ਸੀ। ਉਸ ਨੇ ਪ੍ਰਹਿਲਾਦ ਨੂੰ ਕਈ ਤਰ੍ਹਾਂ ਨਾਲ ਤਸੀਹੇ ਦੇਣ ਅਤੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਪ੍ਰਹਿਲਾਦ ਭਗਤ, ਪ੍ਰਭੂ ਦੀ ਭਗਤੀ ਸਦਕਾ ਹਰ ਵਾਰ ਸਲਾਮਤ ਰਿਹਾ। ਆਖਰਕਾਰ ਕਾਲ ਨੇ ਪ੍ਰਹਿਲਾਦ ਦੇ ਪਿਤਾ ਨੂੰ ਸਾਰੇ ਤਥਾਕਥਿਤ ਵਰਾਂ ਦੇ ਬਾਵਜੂਦ ਆ ਦਬੋਚਿਆ। ਪ੍ਰਹਿਲਾਦ ਭਗਤ ਦੀ ਭੂਆ ਹੋਲਿਕਾ ਵੀ ਅੱਗ ਦੁਆਰਾ ਨਾ ਸੜਨ ਦੇ ਤਥਾਕਥਿਤ ਵਰਾਂ ਦੇ ਬਾਵਜੂਦ ਖਤਮ ਹੋ ਗਈ ਪਰ ਪ੍ਰਹਿਲਾਦ ਨੂੰ ਕੁਝ ਨਾ ਹੋਇਆ।

ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਇਸ ਕਥਾ ਨੂੰ ਸੰਕੇਤਕ ਰੂਪ ਵਿਚ ਬਿਆਨ ਕਰਦੇ ਹੋਏ ਸਿੱਟਾ ਕੱਢਦੇ ਹਨ :

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**
**ਹਰਣਾਖਸੁ ਦੁਸਟੁ ਹਰਿ ਮਾਰਿਆ**
**ਪ੍ਰਹਲਾਦੁ ਤਰਾਇਆ॥**

**(ਪੰਨਾ ੪੫੧)**

ਸ੍ਰੀ ਗੁਰੂ ਅਮਰਦਾਸ ਜੀ ਦਾ ਇਸ ਕਥਾ ਸੰਬੰਧੀ ਪਵਿੱਤਰ ਫੁਰਮਾਨ ਹੈ :

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ**
**ਰਖਦਾ ਆਇਆ॥**
**ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥**

**(ਪੰਨਾ ੬੩੭)**

ਭਗਤ ਪ੍ਰਹਿਲਾਦ ਨਾਲ ਸੰਬੰਧਿਤ ਇਹ ਕਥਾ ਸਾਨੂੰ ਕੁਝ ਸਿੱਖਿਆ ਦਿੰਦੀ ਹੈ –

੧. ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਵੀ ਹਸਤੀ ਮੌਤ ਤੋਂ ਰਹਿਤ ਨਹੀਂ ਹੈ। ਹਰਨਾਖਸ਼ ਜਾਂ ਹੋਲਿਕਾ ਆਦਿ ਤਥਾ-ਕਥਿਤ ਸ਼ਕਤੀਆਂ ਜਾਂ ਵਰ ਪ੍ਰਾਪਤ ਕਰਨ ਦੇ ਬਾਵਜੂਦ ਵੀ ਮੌਤ ਤੋਂ ਨਹੀਂ ਬਚ ਸਕੇ।

੨. ਅਕਾਲ ਪੁਰਖ ਸਦਾ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ। ਪ੍ਰਹਿਲਾਦ ਭਗਤ ਦੀ ਪੈਜ ਉਸ ਨੇ ਆਪਣੇ ਇਸ ਗੁਣ ਸਦਕਾ ਹੀ ਰੱਖੀ।

੩. ਭਗਤੀ ਅਤੇ ਸੱਚ ਦੇ ਰਸਤੇ 'ਤੇ ਤੁਰਨ ਲਈ ਦ੍ਰਿੜ੍ਹਤਾ, ਦਲੇਰੀ ਅਤੇ ਅਟੱਲ ਵਿਸ਼ਵਾਸ ਦੀ ਜ਼ਰੂਰਤ ਹੈ। ਇਸ ਰਸਤੇ 'ਤੇ ਤੁਰਨ ਵਾਲਿਆਂ ਨੂੰ ਡਰ, ਲਾਲਚ ਅਤੇ ਦੁੱਖ ਨਹੀਂ ਰੋਕ ਸਕਦੇ।

ਭਗਤ ਪ੍ਰਹਿਲਾਦ ਨੇ ਆਪਣੀ ਦ੍ਰਿੜ੍ਹ ਭਗਤੀ ਰਾਹੀਂ ਬੜੀ ਦਲੇਰੀ ਨਾਲ ਮੁਸੀਬਤਾਂ ਦਾ ਸਾਹਮਣਾ ਕੀਤਾ ਪਰ ਭਗਤੀ ਦੇ ਰਸਤੇ 'ਤੇ ਚੱਲਣ ਵਿਚ ਕੋਈ ਰੁਕਾਵਟ ਮਨਜ਼ੂਰ ਨਹੀਂ ਕੀਤੀ। ਇਸੇ ਦ੍ਰਿੜ੍ਹਤਾ ਅਤੇ ਅਟੱਲ ਵਿਸ਼ਵਾਸ ਨੂੰ ਇਕ ਆਦਰਸ਼ ਮੰਨਦੇ ਹੋਏ ਭਗਤ ਕਬੀਰ ਜੀ ਨੇ ਫੁਰਮਾਇਆ:

**ਰਾਮ ਜਪਉ ਜੀਅ ਐਸੇ ਐਸੇ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥**

**(ਪੰਨਾ ੩੩੭)**

ਇਹ ਇਕ ਸਤਿਕਾਰ ਹੈ, ਜੋ ਭਗਤ ਕਬੀਰ ਜੀ ਨੇ ਪ੍ਰਹਿਲਾਦ ਅਤੇ ਧਰੂ ਭਗਤ ਨੂੰ ਦਿੱਤਾ ਹੈ। ਕਿੰਨੀ ਵੱਡੀ ਗੱਲ ਹੈ ਕਿ ਜੇ ਪ੍ਰਭੂ ਦਾ ਨਾਮ ਜਪਣਾ ਹੈ ਤਾਂ ਉਸ ਤਰ੍ਹਾਂ ਜਪੋ ਜਿਵੇਂ ਧਰੂ ਅਤੇ ਪ੍ਰਹਿਲਾਦ ਨੇ ਜਪਿਆ ਸੀ! ਕਿਸੇ ਸ਼ਖਸੀਅਤ ਦਾ ਆਦਰਸ਼ ਬਣ ਜਾਣਾ, ਉਦਾਹਰਣ ਬਣ ਜਾਣਾ ਜਾਂ ਮਾਡਲ ਬਣ ਜਾਣਾ, ਦੂਜੇ ਅਰਥਾਂ ਵਿਚ ਇਕ ਇਤਿਹਾਸ ਬਣ ਜਾਣਾ ਹੀ ਤਾਂ ਹੈ!

ਹੋਲੀ ਦੇ ਤਿਉਹਾਰ ਦਾ ਆਧਾਰ ਕਿੰਨਾ ਪਵਿੱਤਰ ਤੇ ਕਿੰਨਾ ਵੱਡਾ ਹੈ! ਇਸ ਤਿਉਹਾਰ ਨੂੰ 'ਰੰਗਾਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਰੰਗ ਪਾਉਣ ਜਾਂ ਰੰਗ ਡੋਲ੍ਹਣਾ ਖੁਸ਼ੀ ਪ੍ਰਗਟ ਕਰਨ ਦਾ ਪ੍ਰਤੀਕ ਮੰਨੇ ਜਾਂਦੇ ਹਨ। ਖੁਸ਼ੀ ਦਾ ਆਧਾਰ ਕੀ ਹੈ? ਖੁਸ਼ੀ ਦਾ ਆਧਾਰ ਇਹ ਹੈ ਕਿ ਭਗਤੀ ਅਤੇ ਸੱਚਾਈ ਦੀ ਜਿੱਤ ਹੋਈ ਹੈ 'ਤੇ ਦੁਸ਼ਟਾਂ ਦਾ ਖਾਤਮਾ ਹੋਇਆ ਹੈ। ਖੁਸ਼ੀ ਮਨਾਉਣ ਦਾ ਲਾਭ ਤਾਂ ਹੀ ਹੈ, ਜੇ ਮਨਾਉਣ ਵਾਲਿਆਂ ਦੇ ਮਨਾਂ ਵਿਚ ਭਗਤੀ ਅਤੇ ਸੱਚਾਈ ਦੇ

ਗੁਣਾਂ ਦਾ ਪ੍ਰਵੇਸ਼ ਹੋਵੇ।

ਗੁਰੂ ਸਾਹਿਬਾਨ ਨੇ ਰੰਗਾਂ ਨੂੰ ਪ੍ਰਤੀਕ ਵਜੋਂ ਖ਼ੂਬ ਵਰਤਿਆ ਹੈ। ਇਕ ਰੰਗ ਕਸੁੰਭੜੇ ਦਾ ਹੈ ਅਤੇ ਦੂਜਾ ਮਜੀਠ ਦਾ। ਕਸੁੰਭੜੇ ਦਾ ਰੰਗ ਵੇਖਣ ਨੂੰ ਲਾਲ ਸੂਹਾ ਹੈ, ਅੱਖਾਂ ਨੂੰ ਭਾਉਂਦਾ ਹੈ ਅਤੇ ਅੱਗ ਦੀ ਲਾਟ ਵਰਗਾ ਹੈ। ਪਰ ਇਸ ਵਿਚ ਕਮੀ ਇਹ ਹੈ ਕਿ ਛੇਤੀ ਹੀ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਉਤਰ ਜਾਂਦਾ ਹੈ। ਇਹ ਕੱਚਾ ਰੰਗ ਹੈ। ਗੁਰੂ ਸਾਹਿਬਾਨ ਇਸ ਰੰਗ ਨੂੰ ਮਾਇਆ ਦੇ ਰੰਗ ਵਜੋਂ ਬਿਆਨ ਕਰਦੇ ਹਨ। ਮਾਇਆ ਦੀ ਖਿੱਚ ਬਹੁਤ ਸੁਹਾਵਣੀ ਹੈ। ਮਜੀਠ ਵੇਲ ਦਾ ਰੰਗ ਵੀ ਲਾਲ ਹੈ ਪਰ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਇਹ ਉਤਰਦਾ ਨਹੀਂ। ਇਹ ਪੱਕਾ ਰੰਗ ਹੈ। ਗੁਰੂ ਸਾਹਿਬਾਨ ਇਸ ਨੂੰ ਨਾਮ ਦਾ ਰੰਗ ਕਹਿੰਦੇ ਹਨ। ਹੁਣ ਜੇ ਰੰਗ ਚੁਣਨਾ ਹੀ ਹੈ ਤਾਂ ਕਿਉਂ ਨਾ ਮਜੀਠ ਦਾ ਰੰਗ ਵਰਤਿਆ ਜਾਵੇ? ਗੁਰਬਾਣੀ ਹੋਲੀ ਨੂੰ ਮਨਾਉਣ ਦਾ ਅਸਲ ਮਕਸਦ ਬਿਆਨ ਕਰਦੀ ਹੈ। ਭਗਤ ਲੋਕ ਜਾਂ ਗੁਰੂ ਦੇ ਪਿਆਰੇ ਕਿਵੇਂ ਹੋਲੀ ਮਨਾਉਂਦੇ ਹਨ? ਇਸ ਦਾ ਉੱਤਰ ਦਿੰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ, ਫਾਗ ਅਤੇ ਹੋਲੀ ਤਿੰਨਾਂ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਫ਼ੁਰਮਾਉਂਦੇ ਹਨ :



**ਆਜੁ ਹਮਾਰੈ ਗ੍ਰਿਹਿ ਬਸੰਤ ॥**
**ਗੁਨ ਗਾਏ ਪ੍ਰਭ ਤੁਮ ਬੇਅੰਤ ॥**
**ਆਜੁ ਹਮਾਰੈ ਬਨੇ ਫਾਗ ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ ॥**
**ਹੋਲੀ ਕੀਨੀ ਸੰਤ ਸੇਵ ॥**
**ਰੰਗੁ ਲਾਗਾ ਅਤਿ ਲਾਲ ਦੇਵ ॥**
**ਮਨੁ ਤਨੁ ਮਉਲਿਓ ਅਤਿ ਅਨੂਪ ॥**
**ਸੂਕੈ ਨਾਹੀ ਛਾਵ ਧੂਪ ॥**
**ਸਗਲੀ ਰੂਤੀ ਹਰਿਆ ਹੋਇ ॥**
**ਸਦ ਬਸੰਤ ਗੁਰ ਮਿਲੇ ਦੇਵ ॥**

**(ਪੰਨਾ ੧੧੮੦)**

ਬਸੰਤ, ਫਾਗ ਜਾਂ ਹੋਲੀ ਕੁਝ ਵੀ ਹੋਵੇ, ਪ੍ਰਭੂ ਦੀ ਭਗਤੀ ਕਰਕੇ ਹੀ ਅਸਲ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਸੋ ਹੋਲੀ ਮਨਾਉਂਦਿਆਂ ਉਸ ਪ੍ਰਭੂ ਨੂੰ ਯਾਦ ਕੀਤਾ ਜਾਵੇ, ਜਿਸ ਦੀ ਮਿਹਰ ਸਦਕਾ ਇਹ ਸਾਰੀ ਖ਼ੁਸ਼ੀ ਪ੍ਰਾਪਤ ਹੋਈ ਹੈ। ਜਿਸ ਢੰਗ ਨਾਲ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਖ਼ਤਰਨਾਕ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਾਰਾ ਕੁਝ ਸਿਹਤ ਅਤੇ ਆਲੇ-ਦੁਆਲੇ ਦੇ ਵਾਤਾਵਰਨ ਲਈ ਬਹੁਤ ਹਾਨੀਕਾਰਕ ਹੈ।

ਖ਼ਤਰਨਾਕ ਰੰਗਾਂ ਕਰਕੇ ਕਈਆਂ ਦੀਆਂ ਅੱਖਾਂ ਦਾ ਨੁਕਸਾਨ ਹੋ ਜਾਂਦਾ ਹੈ। ਬੇਹੂਦਾ ਸ਼ੋਰ ਅਤੇ ਧੂਮ-ਧੜੱਕਾ ਸ਼ਾਂਤੀ ਨੂੰ ਭੰਗ ਕਰਦਾ ਹੈ ਅਤੇ ਸ਼ੋਰ ਪ੍ਰਦੂਸ਼ਣ ਵਿਚ ਭਾਰੀ ਵਾਧਾ ਕਰਦਾ ਹੈ। ਅਸ਼ਲੀਲ ਵਿਵਹਾਰ ਇਸ ਮੌਕੇ ਸਮਾਜ ਵਿਚ ਸਭਿਆਚਾਰਕ ਪ੍ਰਦੂਸ਼ਣ ਫੈਲਾਉਂਦਾ ਹੈ ਅਤੇ ਇਹ ਤਿਉਹਾਰ ਆਪਣੇ ਪਿੱਛੇ ਹਰ ਸਾਲ ਕਈ ਤਰ੍ਹਾਂ ਦੀਆਂ ਕੌੜੀਆਂ ਯਾਦਾਂ ਛੱਡ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਗ਼ਲਤ ਤਰੀਕੇ ਨਾਲ ਹੋਲੀ ਮਨਾਉਂਦਿਆਂ ਦੇਖਦੇ ਹੋਏ ਹੋਲੀ ਨੂੰ ਹੋਲਾ-ਮਹੱਲਾ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ। ਹੋਲੀ ਤੋਂ ਅਗਲੇ ਦਿਨ ਹੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਹੋਲਾ-ਮੁਹੱਲਾ ਮਨਾਉਣ ਦਾ ਸੱਦਾ ਦਿੱਤਾ। ਕਥਾ-ਕੀਰਤਨ ਰਾਹੀਂ ਪ੍ਰਭੂ-ਭਗਤੀ ਦਾ ਸੰਦੇਸ਼ ਸੰਗਤਾਂ ਨੂੰ ਦਿੱਤਾ ਗਿਆ। ਇਸ ਉਪਰੰਤ ਮਨਸੂਈ ਲੜਾਈ ਦਾ ਨਜ਼ਾਰਾ ਲੋਕਾਂ ਸਾਹਮਣੇ ਰੱਖਿਆ ਗਿਆ। ਗੁਰੂ ਸਾਹਿਬ ਨੇ ਹੋਲਾ-ਮੁਹੱਲਾ ਪੰਥਕ ਜਾਹੋ-ਜਲਾਲ 'ਚ ਮਨਾਉਣ ਵਾਸਤੇ ਹੋਲਗੜ੍ਹ ਦੀ ਰਚਨਾ ਕੀਤੀ। ਖਾਲਸਾ ਦਲ ਦੇ ਦੋ ਹਿੱਸੇ ਕੀਤੇ ਗਏ। ਇਕ ਦਲ ਸਫੈਦ ਬਸਤਰਾਂ 'ਚ ਉਥੇ ਤੈਨਾਤ ਕੀਤਾ ਜੋ ਮੋਰਚੇ ਕਾਇਮ ਕਰਕੇ ਡੱਟ ਗਿਆ। ਦੂਜਾ ਦਲ ਕੇਸਰੀ ਬਾਣੇ 'ਚ ਜਿਸ ਵਿਚ ਗੁਰੂ ਸਾਹਿਬ ਖ਼ੁਦ ਵੀ ਸ਼ਾਮਲ ਸਨ, ਹਮਲਾਵਰ ਹੋਇਆ। ਹਮਲਾਵਰ ਹੋਏ ਦਲ ਨੂੰ ਫਤਹਿ ਹਾਸਲ ਹੋਈ। ਫਤਹਿ ਦੇ ਜਸ਼ਨ ਸਾਂਝੇ ਰੂਪ 'ਚ ਮਨਾਏ ਅਤੇ ਕੜਾਹ ਪ੍ਰਸ਼ਾਦਿ ਦੇ ਗੱਫੇ ਖੁੱਲ੍ਹੇ ਵਰਤਾਏ ਗਏ।


ਇਸ ਤਿਉਹਾਰ ਨੂੰ ਸ਼ੁਰੂ ਕਰਨ ਅਤੇ ਮਨਾਉਣ ਦਾ ਇਕੋ ਇਕ ਮੰਤਵ ਸੀ ਕਿ ਗੁਰਬਾਣੀ ਦੀ ਰੋਸ਼ਨੀ ਵਿਚ ਲੋਕਾਂ ਨੂੰ ਕੱਚੇ ਰੰਗਾਂ (ਮਨਮੁਖੀ ਕਰਮਾਂ ਦੇ ਪ੍ਰਭਾਵਾਂ) ਤੋਂ ਬਚਾ ਕੇ, ਪੱਕੇ ਰੰਗਾਂ ਨਾਲ ਜੋੜਿਆ ਜਾਵੇ ਅਤੇ ਲੋਕਾਂ ਵਿਚ ਦਲੇਰੀ, ਦ੍ਰਿੜ੍ਹਤਾ, ਅਟੱਲ-ਵਿਸ਼ਵਾਸ ਵਰਗੇ ਸ਼ੁਭ ਗੁਣ ਪੈਦਾ ਕੀਤੇ ਜਾਣ। ਅੱਜ ਦੇ ਸਮੇਂ ਵਿਚ ਹੋਲੀ ਤੋਂ ਹੋਲੇ-ਮਹੱਲੇ ਦੀ ਤਬਦੀਲੀ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ, ਤਾਂ ਹੀ ਅਸੀਂ ਹੋਲੀ ਵਾਲੇ ਦਿਨ ਫੈਲਾਏ ਜਾ ਰਹੇ ਸ਼ੋਰ, ਰੰਗਾਂ, ਚਿੱਕੜ ਅਤੇ ਅਸ਼ਲੀਲਤਾ ਦੇ ਪ੍ਰਦੂਸ਼ਣ ਤੋਂ ਸਮਾਜ ਨੂੰ ਬਚਾ ਕੇ ਰੱਖ ਸਕਦੇ ਹਾਂ।

# ਸਿੰਘਾਂ ਦੀ ਜ਼ਿੰਦਗਾਨੀ ਨੂਰ ਮੁਹੰਮਦ ਦੀ ਜ਼ੁਬਾਨੀ

ਬ੍ਰਿਗੇਡੀਅਰ ਦਲਜੀਤਮ ਸਿੰਘ ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ

ਅਹਿਮਦ ਸ਼ਾਹ ਅਬਦਾਲੀ ਨੂੰ ਅਫਗਾਨਿਸਤਾਨ ਵਿਖੇ ਇਕ ਤੇਜ਼ ਰਫ਼ਤਾਰ ਘੋੜ-ਸਵਾਰ ਰਾਹੀਂ ਸਰਦਾਰ ਜਹਾਨ ਖਾਂਨ, ਸਰਦਾਰ ਬੁਲੰਦ ਖਾਂਨ ਅਤੇ ਕਾਬੁਲੀ ਪਲ੍ਹ ਵੱਲੋਂ ਸੂਚਿਤ ਕੀਤਾ ਗਿਆ ਕਿ ਪੰਜਾਬ ਦੇ ਹਾਲਾਤ ਬਹੁਤ ਵਿਗੜ ਰਹੇ ਹਨ। ਸਿੱਖ ਮਿਸਲਾਂ ਦੇ ਸਰਦਾਰਾਂ ਨੇ ਮੁਲਤਾਨ ਤੋਂ ਲੈ ਕੇ ਸਿੰਧ ਤੱਕ ਦਾ ਪੰਜਾਬ ਦੇ ਸਾਰੇ ਹੀ ਇਲਾਕੇ ਨੂੰ ਆਪਸ ਵਿਚ ਵੰਡ ਲਿਆ ਹੈ ਅਤੇ ਆਪਣੀ ਹਕੂਮਤ ਕਾਇਮ ਕਰ ਲਈ ਹੈ। ਮੁਸਲਮਾਨਾਂ ਦੀਆਂ ਮਸੀਤਾਂ ਢਾਈਆਂ ਜਾ ਰਹੀਆਂ ਹਨ। ਇਸਲਾਮ ਤੇ ਬਹੁਤ ਜ਼ੁਲਮ ਤੇ ਸਿਤਮ ਕੀਤਾ ਜਾ ਰਿਹਾ ਹੈ।

ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਫੌਜ਼ੀ ਅਦਾਕਾਰਾਂ ਨਾਲ ਸਲਾਹ-ਮਸ਼ਵਰਾ ਕੀਤਾ ਅਤੇ ਹਿੰਦੁਸਤਾਨ ਉੱਤੇ ਹਮਲੇ ਦੀ ਤਿਆਰੀ ਦਾ ਹੁਕਮ ਦੇ ਦਿੱਤਾ ਅਤੇ ਦ੍ਰਿੜ ਕਰਵਾਇਆ ਕਿ ਇਸ ਵਾਰ ਇਹ ਬੇਦੀਨ, ਕਾਫਰ, ਕੁੱਤਿਆਂ, ਸੂਰਾਂ ਅਤੇ ਪਲੀਤ, ਮਲੇਸ਼ਾਂ ਨੂੰ ਐਸਾ ਸਬਕ ਸਿਖਾਇਆ ਜਾਵੇ ਕਿ ਮੁੜ ਇਹ ਸਿਰ ਉਠਾਉਣ ਦੀ ਹਿੰਮਤ ਨਾ ਕਰਨ।



ਅਬਦਾਲੀ ਨੇ ਤੁਰੰਤ ਆਪਣੇ ਹਮਾਇਤੀ ਮੀਰ ਨਸੀਰ ਖ਼ਾਨ ਬਲੋਚ ਨੂੰ ਕਲਾਤ ਰਾਜਧਾਨੀ ਵਿਚ ਹਿੰਦੁਸਤਾਨ ਤੇ ਹਮਲੇ ਬਾਰੇ ਸਹਿਯੋਗ ਮੰਗਿਆ ਅਤੇ ਕਿਹਾ ਕਿ ਤੂੰ ਮੇਰਾ ਫਰਮਾਂਬਰਦਾਰ ਪੁੱਤਰ ਹੀ ਨਹੀਂ ਪਰੰਤੂ ਮੇਰਾ ਪਿਆਰਾ ਭਰਾ ਵੀ ਹੈ। ਮੈਨੂੰ ਖ਼ਬਰ ਮਿਲੀ ਹੈ ਕਿ ਤੂੰ ਹਜ਼ ਨੂੰ ਜਾਣ ਦੀ ਤਿਆਰੀ ਕਰ ਰਿਹਾ ਹੈ। ਦੇਖ ਇਨ੍ਹਾਂ ਕਾਇਰਾਂ ਨੂੰ ਜਹਾਦ ਕਰਕੇ ਮਾਰ ਮੁਕਾਉਣ ਨਾਲੋਂ ਹੋਰ ਵੱਡਾ ਹਜ਼ ਕੀ ਹੋ ਸਕਦਾ ਹੈ। ਮੈਂ ਇਧਰੋਂ ਚਲ ਰਿਹਾ ਹਾਂ ਅਤੇ ਤੂੰ ਮੈਨੂੰ ਆ ਕੇ ਮਿਲ ਜਾ।

ਮੀਰ ਮੁਹੰਮਦ ਨਸੀਰ ਖਾਨ ਤਾਂ ਪਹਿਲੇ ਹੀ ਇਕ ਪੰਜਾਬ ਤੋਂ ਆਏ ਦਰਬਾਰੀ ਰਾਹੀਂ ਇਹ ਖ਼ਬਰ ਸੁਣ ਚੁੱਕਾ ਸੀ ਕਿ ਇਹ ਬੇਦੀਨ ਸਿੱਖਾਂ ਨੇ ਲਾਹੌਰ ਤੋਂ ਡੇਰੇ ਤੱਕ ਦੇ ਸਾਰੇ ਇਲਾਕੇ ਨੂੰ ਗਾਹ ਮਾਰਿਆ ਹੈ। ਅੱਗੇ ਦੇਸ਼ ਜਿਹੜਾ 'ਦਾਰ-ਉੱਲ-ਸਲਾਮ' ਸੀ, ਹੁਣ 'ਦਾਰ-ਉੱਲ-ਖਰਬ' ਬਣ ਗਿਆ ਹੈ। ਮੇਰੇ ਲਈ ਵਾਜਿਬ ਹੈ ਕਿ ਮੈਂ ਦੀਨ ਦਾ ਜਹਾਦ ਕਰਕੇ ਇਹਨਾਂ ਬੇਦੀਨਾਂ ਨੂੰ ਕਤਲ ਕਰਕੇ ਖ਼ੂਨ ਦੀਆਂ ਨਦੀਆਂ ਵਗ੍ਹਾ ਦਿਆਂ। ਨਸ਼ੀਰ ਖਾਨ ਨੇ ਉੱਲਾ-ਹ-ਮਾਵਾਂ ਪਾਸੋਂ ਫਤਵਾ ਲਿਆ ਅਤੇ ਪੂਰੀ ਤਿਆਰੀ ਕਰਕੇ ਚਾਲੇ ਆਰੰਭ ਕਰ ਦਿੱਤੇ। ਨਸੀਰ ਖਾਨ ਨੇ ਆਪਣੇ ਨਾਲ ਆਪਣੇ ਇੱਕ ਕਵੀ ਕਾਜ਼ੀ ਨੂਰ ਮੁਹੰਮਦ ਬਲੌਚ ਨੂੰ ਵੀ ਨਾਲ ਲੈ ਲਿਆ। ਅਹਿਮਦ ਸ਼ਾਹ ਅਬਦਾਲੀ 18 ਹਜ਼ਾਰ ਅਫਗਾਨੀ ਅਤੇ ਨਸੀਰ ਖਾਨ, 12 ਹਜ਼ਾਰ ਬਲੋਚੀਆਂ ਸਮੇਤ ਹਿੰਦੁਸਤਾਨ ਤੇ ਹਮਲਾ ਕਰਨ ਵਾਸਤੇ ਅਕਤੂਬਰ 1764 ਸਿੰਧ ਦਰਿਆ ਨੂੰ ਪਾਰ ਕਰਕੇ ਮਾਰੋ-ਮਾਰ ਲਾਹੌਰ ਪੁੱਜੇ। ਲਾਹੌਰ ਪਹੁੰਚ ਕੇ ਸਾਰੇ ਸਰਦਾਰਾਂ ਅਤੇ ਜਰਨੈਲਾਂ ਨਾਲ ਸਲਾਹ ਮਸ਼ਵਰਾ ਕੀਤਾ। ਇਹਨਾਂ ਨੂੰ ਪਤਾ ਲੱਗਾ ਕਿ ਏਸ ਵੇਲੇ 15 ਹਜ਼ਾਰ ਸਿੱਖਾਂ ਸਮੇਤ ਜਵਾਰਾ ਸਿੰਘ ਦਿੱਲੀ ਗਿਆ ਹੈ ਅਤੇ ਬਾਕੀ ਭਾਰਾ ਇਕੱਠ ਲੱਖੀ ਜੰਗਲ ਵਿਖੇ ਕੈਂਪ ਕਰ ਰਿਹਾ ਹੈ। ਜਿਹੜਾ ਕਿ ਲਾਹੌਰ ਤੋਂ ਕੋਈ 150 ਕੋਸ ਦੇ ਫਾਸਲੇ ਤੇ ਹੈ। ਸ਼ਾਹ ਨੇ ਫੈਸਲਾ ਕੀਤਾ ਕਿ ਨਸੀਰ ਖਾਨ ਆਪਣੀ ਫੌਜ ਨਾਲ ਲੱਖੀ ਜੰਗਲ ਵੱਲ ਕੂਚ ਕਰੇ। ਅਤੇ ਬਾਕੀ ਫੌਜ ਉਹਦੇ ਕੋਲ ਰਹੇ। ਨਸੀਰ ਖਾਨ ਆਪਣੀ ਫੌਜ ਲੈ ਕੇ ਅਜੇ ਕੁਝ ਹੀ ਦੂਰ ਗਿਆ ਸੀ ਕਿ ਸਿੱਖਾਂ ਦੇ ਜਰਨੈਲ ਚੜ੍ਹਤ ਸਿੰਘ ਨੇ ਹਮਲਾ ਕਰ ਦਿੱਤਾ ਅਤੇ ਘਮਸਾਨ ਦੀ ਜੰਗ ਸ਼ੁਰੂ ਹੋ ਗਈ ਜੋ ਸਾਰਾ ਦਿਨ ਤੱਕ ਚੱਲਦੀ ਰਹੀ। ਰਾਤ ਨੂੰ ਸਿੱਖ ਹਰਨ ਹੋ ਗਏ। ਕਾਜ਼ੀ ਨੂਰ ਮੁਹੰਮਦ ਜੋ ਫੌਜ ਦੇ ਨਾਲ ਸੀ, ਦੱਸਿਆ ਕਿ ਸਿੱਖ ਚੱਕ ਗੁਰੂ (ਅੰਮ੍ਰਿਤਸਰ) ਵੱਲ ਕੂਚ ਕਰ ਗਏ ਹਨ। ਅਬਦਾਲੀ ਸ਼ਾਹ ਨੂੰ ਖ਼ਬਰ ਮਿਲਣ ਤੇ ਮੁੜ ਫੈਸਲਾ ਕੀਤਾ ਕਿ ਸ਼ਾਹ ਸਾਰੀ ਫੌਜ ਲੈ ਕੇ ਚੱਕ ਗੁਰੂ ਵੱਲ ਜਾਵੇ ਤੇ ਸਿੱਖਾਂ ਦਾ ਪਿੱਛਾ ਕਰੇ। ਸਿੱਖਾਂ ਨੂੰ ਸ਼ਾਹ ਦੀ ਫੌਜ ਆਉਣ ਦੀ ਖ਼ਬਰ ਮਿਲ ਗਈ ਸੀ, ਉਹ ਚੱਕ ਤੋਂ ਰਫੂ ਚੱਕਰ ਹੋ ਗਏ।

ਜਦ ਅਬਦਾਲੀ ਫੌਜ ਨਾਲ ਪਹੁੰਚਿਆ ਤਾਂ ਕੇਵਲ 30 ਸਿੱਖ ਸਨ। ਉਹ ਆਪਣੇ ਸਰਦਾਰ ਗੁਰਬਖ਼ਸ਼ ਸਿੰਘ ਦੀ ਕਮਾਂਡ ਹੇਠ ਹਰਮੰਦਿਰ ਸਾਹਿਬ ਤੋਂ ਨਿਕਲੇ ਅਤੇ ਜੈਕਾਰੇ ਗੂੰਜਦੇ ਗਾਜੀਆਂ ਦੇ ਗਲ ਪਏ ਅਤੇ ਸਾਰੇ ਦੇ ਸਾਰੇ ਸ਼ਹੀਦ ਹੋ ਗਏ। ਇਹਨਾਂ ਦਾ ਸ਼ਹੀਦੀ ਅਸਥਾਨ ਸ੍ਰੀ ਅਕਾਲ ਤਖ਼ਤ ਕੋਲ ਕਾਇਮ ਹੈ। ਲਾਹੌਰ ਵਾਪਸ ਪੁੱਜ ਕੇ ਸ਼ਾਹ ਨੇ ਇਕ ਆਪਣੇ ਗਾਜੀ ਅਤੇ ਬਲੋਚ ਅਹਿਲਕਾਰਾਂ ਨਾਲ ਸਲਾਹ-ਮਸ਼ਵਰਾ ਕੀਤਾ ਤੇ ਫੈਸਲਾ ਕੀਤਾ ਕਿ ਸਰਹੰਦ ਤੇ ਹੱਲਾ ਕੀਤਾ ਜਾਵੇ ਅਤੇ ਰਸਤੇ ਵਿਚ ਦੁਆਬੇ ਦੇ ਗ਼ੈਰ ਮੁਸਲਮਾਨਾਂ ਖਾਸ ਤੌਰ 'ਤੇ ਸਿੱਖਾਂ ਤੇ ਕਤਲੇਆਮ ਦਾ ਹੁਕਮ ਕਰ ਦਿੱਤਾ, ਤੇ ਉਹਨਾਂ ਦੇ ਘਰ ਘਾਟ ਢਾਹ ਕੇ ਉਹਨਾਂ ਦੀਆਂ ਤੀਵੀਆਂ-ਬੱਚਿਆਂ ਨੂੰ ਗੁਲਾਮ ਬਣਾ ਲਿਆ ਜਾਵੇ। ਫੌਜਾਂ ਨੇ ਦਿਨ-ਦਿਹਾੜੇ ਕਤਲ, ਲੁੱਟ-ਮਾਰ ਅਤੇ ਹਲਕੇ ਦੀ ਬਰਬਾਦੀ ਸ਼ੁਰੂ ਕਰ ਦਿੱਤੀ। ਫਿਰ ਦੁਆਬੇ ਵਿਚ ਜਨਤਾ ਕਹਿਰ ਤੋਂ ਬੌਖਲਾ ਉੱਠੀ। ਕਹਾਵਤ ਮਸ਼ਹੂਰ ਹੋ ਗਈ –

**"ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।"**

ਫਰਵਰੀ 1765 ਸ਼ਾਹ ਜਦ ਸਰਹੰਦ ਪੁੱਜਾ ਤਾਂ ਸ਼ਹਿਰ ਵੀਰਾਨ ਸੀ ਤੇ ਉੱਥੇ ਤਾਂ ਉੱਲੂ ਬੋਲ ਰਹੇ ਸਨ। ਸ਼ਾਹ ਨੇ ਆਪਣੇ ਹਮਾਇਤੀ ਆਲਾ ਸਿੰਘ ਪਟਿਆਲਾ ਨੂੰ ਬੁਲਾਇਆ ਤੇ ਖ਼ਬਰ ਮਿਲੀ ਕਿ ਇਹ ਸਾਰਾ ਸਿੰਘਾਂ ਦਾ ਕਾਰਨਾਮਾ ਹੈ। ਤੁਸੀਂ ਇਹ ਸ਼ਹਿਰ ਮੇਰੇ ਹਵਾਲੇ ਕਰ ਦਿਉ ਤਾਂ ਮੈਂ ਇਸਨੂੰ ਫਿਰ ਅਬਾਦ ਕਰ ਦਿਆਂਗਾ। ਸ਼ਾਹ ਨੇ ਆਲਾ ਸਿੰਘ ਨੂੰ ਇੱਜ਼ਤ-ਮਾਨ ਦੇ ਕੇ ਇਕ ਖ਼ਿੱਲਤ, ਨਗਾਰਾ, ਨਿਸ਼ਾਨ ਤੇ ਰਾਜਾ ਆਲਾ ਸਿੰਘ ਦੀ ਪਦਵੀ ਦੇਣ ਦਾ ਐਲਾਨ ਕਰ ਦਿੱਤਾ।

ਉਪਰੰਤ ਸ਼ਾਹ ਨੇ ਰੋਪੜ ਦੇ ਮਕਾਮ ਤੋਂ ਸਤਲੁਜ ਦਰਿਆ ਨੂੰ ਪਾਰ ਕੀਤਾ ਤੇ ਸਾਰੀ ਫੌਜ ਨਾਲ ਕੁਝ ਦੂਰ ਹੀ ਗਿਆ ਸੀ ਕਿ ਸਿੱਖਾਂ ਨੇ ਫੌਜ ਤੇ ਹਮਲਾ ਕਰ ਦਿੱਤਾ, ਸ਼ਾਹ ਆਪ ਵਿਚਕਾਰ ਜਹਾਨ ਖਾਨ ਸੱਜੇ ਪਾਸੇ ਅਤੇ ਜਤੀਨ ਖਾਨ ਖੱਬੇ ਪਾਸੇ ਉਧਰੋਂ ਸਿੰਘ ਵੀ ਲੜਾਈ ਦੇ ਮੈਦਾਨ ਵਿਚ ਡੱਟ ਗਏ। ਦੋਨੋਂ ਜੱਸਾ ਸਿੰਘ ਵਿਚਕਾਰ, ਚੜ੍ਹਤ ਸਿੰਘ ਅਤੇ ਜੈ ਸਿੰਘ ਸੱਜੇ ਪਾਸੇ, ਹਰੀ ਸਿੰਘ ਅਤੇ ਗੁਲਾਬ ਸਿੰਘ ਖੱਬੇ ਪਾਸੇ ਦੋਹਾਂ ਵਿਚਕਾਰ 7 ਦਿਨ ਤੱਕ ਲੜਾਈ ਜਾਰੀ ਰਹੀ। ਹਮਲੇ ਤੇ ਹਮਲਾ ਹੁੰਦਾ ਰਿਹਾ। ਦੋਹਾਂ ਪਾਸੇ ਕਾਫੀ ਨੁਕਸਾਨ ਹੋਇਆ। ਲੜਾਈ ਅਜੇ ਜਾਰੀ ਹੀ ਸੀ ਕਿ ਦੋਰਾਨੀ ਨੇ ਬਿਆਸ ਦਰਿਆ ਵੱਲ ਮੂੰਹ ਮੋੜ ਲਿਆ ਜਿੱਥੇ ਫਿਰ ਘਮਸਾਨ ਦਾ ਟਾਕਰਾ ਹੋਇਆ ਅਤੇ ਅਬਦਾਲੀ ਲਾਹੌਰ ਵੱਲ ਚਲਾ ਗਿਆ। ਉਪਰੰਤ ਅਬਦਾਲੀ ਚਿਨਾਬ ਅਤੇ ਜੇਹਲਮ ਦਰਿਆ ਪਾਰ ਕਰਕੇ ਰੋਹਤਾਸ ਪੁੱਜਾ। ਇਥੇ ਨਸੀਰ ਖਾਨ ਦਾ ਧੰਨਵਾਦ ਕੀਤਾ ਉਹਨੂੰ ਕੋਇਦਾ ਅਤੇ ਹੋਰ ਇਲਾਕਾ ਬਖਸ਼ਿਆ ਅਤੇ ਸ਼ਾਹ ਵਿਦਾਇਗੀ ਲੈ ਕੇ ਵਾਪਸ ਅਫਗਾਨਿਸਤਾਨ ਚਲਾ ਗਿਆ। ਸਿੰਘਾਂ ਨੇ ਅਬਦਾਲੀ ਦੇ ਚਲੇ ਜਾਣ ਉਪਰੰਤ ਮਾਰਚ 1765 ਵਿਚ ਲਾਹੌਰ ਤੇ ਕਬਜ਼ਾ ਕਰ ਲਿਆ।

ਕਾਜੀ ਨੂਰ ਮੁਹੰਮਦ ਬਲੋਚ ਇਕ ਕੱਟੜ ਮੁਸਲਮਾਨ ਸੀ। ਉਹ ਬਲੋਚਾਂ ਦੇ ਸਰਦਾਰ ਨਸੀਰ ਖਾਨ ਨਾਲ ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਸਮੇਂ ਸੰਨ 1764-65 ਵਿਚ ਪੰਜਾਬ ਆਇਆ। ਉਸਨੇ ਅਹਿਮਦ ਸ਼ਾਹ ਅਬਦਾਲੀ ਅਤੇ ਨਸੀਰ ਖਾਨ ਦੀਆਂ ਫੌਜਾਂ ਨਾਲ ਲੜਦੇ ਸਾਰੇ ਜੰਗ ਆਪਣਏ ਅੱਖੀਂ ਦੇਖੇ ਅਤੇ ਆਪਣੇ ਮੁਲਕ ਵਾਪਸ ਜਾਂਦੇ 1765 ਵਿਚ ਜੰਗਨਾਮਾ ਕਲਮ ਬੰਦ ਕੀਤਾ। ਬੇਸ਼ੱਕ ਉਹ ਇਕ ਪੱਖੀ ਕੱਟੜ ਮੁਸਲਮਾਨ ਘਿਰਨਾ ਨਾਲ ਭਰਿਆ ਅਤੇ ਮੁਤਸਵੀ ਸੀ ਲੇਕਿਨ ਇਕ ਸ਼ਾਇਰ ਕਵੀਸ਼ਰ ਅਤੇ ਪੱਤਰਕਾਰ ਹੁੰਦਿਆਂ ਉਸਦੀ ਜ਼ਮੀਰ ਉਸਨੂੰ ਨਰੋਲ ਸੱਚ ਕਹਿਣ ਤੇ ਮਜਬੂਰ ਕੀਤਾ ਅਤੇ ਉਹ ਸਿੰਘਾਂ ਦੇ ਰਹਿਣ-ਸਹਿਣ, ਤਰਜ਼ੇ, ਜ਼ਿੰਦਗੀ, ਡੀਲ-ਡੌਲ, ਚਾਲ-ਚਲਨ, ਧਰਮ-ਇਮਾਨ ਅਤੇ ਚੜ੍ਹਦੀ ਕਲਾ ਦਾ ਹਕੀਕੀ ਜ਼ਿਕਰ ਕੀਤਾ ਅਤੇ ਜੰਗ ਵਿਚ ਉਨ੍ਹਾਂ ਨੂੰ ਸ਼ੇਰ ਕਿਹਾ ਅਤੇ ਅਮਨ ਵਿਚ ਹਾਤਿਮਤਾਈ ਨਾਲ ਤਸਵੀਹ ਦਿੱਤੀ। ਸਿੰਘਾਂ ਦੀ ਸੁਨਹਿਰੀ ਅੱਖਰਾਂ ਫ਼ਾਰਸੀ ਵਿਚ ਲਿਖੀ ਅਤੇ ਪੰਜਾਬੀ ਉਲਾਥਾਂ ਇਸ ਪ੍ਰਕਾਰ ਹੈ -

1. ਸਗਾਂ ਰਾ ਮਗੋ ਸੱਗ ਕਿ ਹਸਤੰਦ ਸ਼ਰੇ।
   ਬ ਮੈਦਾਨਿ ਮਰਦਾਂ, ਚੂੰ ਸ਼ੇਰਾ ਦਲੇਰ।
2. ਕਿ ਨਾ ਕੁਸ਼ੰਦ, ਨਾਮਰਦ ਰਾ ਹੇਚ ਗਾਂਹ।
   ਗਰੇਜ਼ੰਦਹ ਰਾ, ਹਮ ਨਾ ਗੀਰੰਦ ਰਾਹ।
3. ਜ਼ਰੋ, ਜ਼ੇਵਰਿ-ਜ਼ਨ, ਬਤਾਰਾਜ ਨੀਜ਼।
   ਨ, ਗੀਰੰਦ, ਗਰ ਮਹ ਹੂ ਹਸਤੋ ਕਨੀਜ਼।
4. ਜ਼ਨਾਹਮ ਨ ਬਾਸ਼ਦ, ਮਿਆਨਿ ਸਗਾਂ।
   ਨਾ ਦੁਜ਼ਦੀ ਬਵਦ, ਕਾਰਿ ਆਂ ਬਦ ਰਗਾਂ।
5. ਕਿ ਜ਼ਨ ਗਰ ਜਵਾ ਹਸਤ, ਵਰ ਹਸਤ ਪੀਰ।
   ਬਗੋਯੰਦ ਬੁੜੀਆਂ, ਬਿਰੋ ਗੋਸ਼ਹ ਗੀਰ।
6. ਬ-ਵਦ ਨਾਮ ਬੁੜੀਆ ਬਹਿੰਦੀ ਜਬਾਂ।
   ਬ-ਮਾਅਨੀ, ਕਿ ਈਂ ਪੀਰ ਜ਼ਾਲ, ਅਜ਼ ਜ਼ਨਾਂ।
7. ਨ ਦੁਜਦੀਸਤ ਹਰਗਿਜ਼ ਮਿਆਨੇ ਸਗਾਂ।
   ਨ ਪੈਦਾਸਤ ਸਾਰਕ ਦਰ ਬਦ ਰਗਾਂ।
8. ਕਿ ਜ਼ਾਨੀ ੳ ਸਾਰਕ, ਨ ਦਾਰੰਤ ਦੋਸਤ।
   ਵਗਰ ਫੇਅਲਿ ਸ਼ਾ ਜ਼ਮੁਲਗੀ ਨ ਨਿਕੋਸਤ।

ਉਲਥਾ:

1. ਕੁੱਤਿਆਂ ਨੂੰ ਕੁੱਤੇ ਨਾ ਆਖੋ, ਸਚ ਪੁਛੋ ਤਾਂ ਸ਼ੇਰ ਨੇ ਓਹ।
   ਰਣ ਵਿਚੋਂ ਜਦ ਸ਼ਾਸਤਰ ਹੈ ਵਹਿੰਦਾ, ਸੂਰੇ ਬਲੀ ਦਲੇਰ ਨੇ ਓਹ।
2. ਨਾਮਰਦਾਂ ਤੇ ਕਾਇਰਾਂ ਉੱਤੇ, ਹਰਗਿਜ਼ ਵਾਰ ਨ ਕਰਦੇ ਨੇ।
   ਭੱਜੇ ਜਾਂਦੇ ਦੁਸ਼ਮਨ ਦੀ ਉਹ, ਹਰਗਿਜ਼ ਵਾਟ ਨਾ ਫੜਦੇ ਨੇ।
3. ਅਬਿਲਾਵਾਂ ਦੇ ਗਹਿਣੇ ਟੂੰਬਾਂ, ਹਰਗਿਜ਼ ਮੂਲ ਨਾ ਲਾਂਹਦੇ ਨੇ।
   ਰਾਣੀ ਭਾਵੇਂ ਦਾਸੀ ਹੋਵੇ, ਹਰਗਿਜ਼ ਹੱਥ ਨਾ ਪਾਂਦੇ ਨੇ।
4. ਕੁੱਤਿਆਂ ਦੇ ਟੋਲੇ ਵਿਚ ਨਾਹੀਂ, ਰਹਿੰਦਾ ਕੋਈ ਜਨਾਹੀ ਏ।
   ਚੋਰੀ ਕਰਨਾ ਉਹਨਾਂ ਤਾਈ, ਹਰਗਿਜ਼ ਰਵਾ ਨਾ ਆਈ ਏ।
5. ਚਾਹੇ ਬੁੱਢੀ ਮਾਈ ਹੋਵੇ, ਚਾਹੇ ਸੁੰਦਰ ਨਾਰੀ ਏ।
   ਹਰ ਇਕ ਤਾਂਈ ਬੁੱਢੀ ਆਂਦੇ, ਸੁੰਦਰ ਮਨੋ-ਵਿਸਾਰੀ ਏ।
6. ਬੁੱਢੀ ਦੇ ਮਾਅਨੇ ਬੁੱਢੜੀ, ਹਿੰਦੀ ਬੋਲੀ ਅੰਦਰ ਨੇ।
   ਤਾਹੀਏ ਜਾਨੀ ਚੋਰ ਨਾ ਦਿਸਦੇ, ਉਹਨਾਂ ਟੋਲੀ ਅੰਦਰ ਨੇ।
7. ਹੋਵੇ ਨਾ ਕਿਉਂ ਕਰ ਕਿ ਜਦ ਉਹ ਚੋਰਾ ਯਾਰ ਬਣਾਂਦੇ ਨਾਂ।
   ਇਸਤੋਂ ਬਾਝੋਂ ਹੋਰ ਕੋਈ ਉਹ ਨੇਕੀ ਕਾਰ ਕਮਾਂਦੇ ਨਾ।

**ਆਗਰ ਕਸਬਾ ਜੰਗਤ ਬਵੱਦ ਆਰਜੂ**

**ਬਿਆ ਤਾ ਬੁਮੈਦਾ ਈਸ਼ਾ ਬਰੋ।**

ਜੇ ਤੁਸੀਂ ਲੜਾਈ ਦਾ ਹੁਨਰ ਸਿੱਖਣਾ ਚਾਹੁੰਦੇ ਹੋ ਤਾਂ ਮੈਦਾਨ ਵਿਚ ਉਹਨਾਂ ਦੇ ਆਹਮੋ-ਸਾਹਮਣੇ ਆ ਜਾਉ।

**ਇਹ ਦਰਪੇਸ਼ ਦੁਸ਼ਮਣ ਸੁਦਨ ਮਰਦਾਂ ਵਾਰ**

**ਸਲਾਮਤ ਬਦਰ ਰਫਤਨ ਬਜ਼ਾਰ।**

ਅਤੇ ਦੁਸ਼ਮਣ ਨਾਲ ਸੂਰਬੀਰਾਂ ਵਾਂਗ ਟੱਕਰ ਲੈਣ ਤੇ ਮੁਠਭੇੜ ਵਿਚੋਂ ਸਲਾਮਤੀ ਨਾਲ ਨਿਕਲ ਜਾਣ ਦੀ ਜਾਂਚ ਵੀ ਉਹਨਾਂ ਪਾਸੋਂ ਸਿੱਖ ਲਵੋ।

**ਚੂ ਸ਼ੁਦ ਅਲਹੱਕ ਯਾ ਹੰਗਾਮ ਚਜ਼ਮ**

**ਜ਼ੇ ਗਤੱਮ ਫਰੋਨੰਦ ਹਨਗਾਮ ਬਜ਼ਮ।**

ਸੱਚੀ ਉਹ ਤਾਂ ਜੰਗ ਦੇ ਸਮੇਂ ਸ਼ੇਰਾਂ ਵਾਂਗ ਬਹਾਦਰ ਹਨ ਅਤੇ ਅਮਨ ਦੇ ਸਮੇਂ ਹਾਤਮਤਾਈ ਵਾਂਗ ਸਖੀ ਹਨ।

**ਚੂ ਦਰ ਦਸਤ ਗੀਰੰਦ ਸ਼ਮਸ਼ੇਰ ਹਿੰਦ**

**ਸ਼ਤਾਜ਼ੰਦ ਅਜ਼ ਹਿੰਦ ਤਾਂ ਮੁਲਕ ਸਿੰਦ।**

ਜਦੋਂ ਤਲਵਾਰਾਂ ਚੁੱਕ ਲੈਂਦੇ ਹਨ ਤਾਂ ਹਿੰਦ ਤੋਂ ਲੈ ਕੇ ਸਿੰਧ ਤੱਕ ਦਾ ਸਾਰਾ ਇਲਾਕਾ ਗਾਹ ਮਾਰਦੇ ਹਨ।

**ਚੂ ਤਨ ਹਮਚੂ ਯਕ ਪਾਰਾ ਕੋਹ**

**ਜੇ ਪੰਜਾਹ ਪਰਦਸ਼ ਫਜ਼ੂ ਦਰ ਸ਼ਕੋਹ।**

ਉਹਨਾਂ ਵਿਚ ਹਰ ਕਿਸੇ ਦਾ ਸਰੀਰ ਚੱਟਾਨ ਦੇ ਟੋਟੇ ਵਾਂਗ ਹੈ ਅਤੇ ਉਹਨਾਂ ਵਿਚ ਹਰ ਕੋਈ ਰੁਅਬਦਾਬ ਵਿਚ ਪੰਜਾਬ ਬੰਦਿਆਂ ਤੋਂ ਵੀ ਪ੍ਰਭਾਵਸ਼ਾਲੀ ਹੈ।

**ਬੋ ਮੈਦਾਂ ਦਰ ਆਪਦ ਜੱਲਾਂ ਕਨਾਲ**

**ਚੂ ਸ਼ੇਰਾਂ ਸੁਰਾਂ ਵਾ ਨਹਾਮੋ ਜੁਨਵਾਲ।**

ਲੜਾਈ ਸਮੇਂ ਉਹ ਛਾਲਾਂ ਮਾਰਦੇ ਹਨ ਅਤੇ ਸ਼ੇਰਾਂ ਵਾਂਗ ਦਹਾੜਦੇ ਮੈਦਾਨ ਵਿਚ ਦਾਖਲ ਹੁੰਦੇ ਹਨ।

**ਜੁਜ਼ ਅਜ਼ ਸ਼ੇਰਾਂ ਸ਼ਾ ਨੁਕਤਾ ਈਗਰ ਸ਼ਵਦ**

**ਕਹਿ ਬਰੋਨੰਦ ਅਜ਼ ਜੰਗ ਜੋਯਾਂ ਮਾਰਦ।**

ਅਜਿਹੇ ਬਾਕਮਾਲ ਲੜਨ ਢੰਗ ਦੇ ਮਾਲਕ ਹੋਣ ਤੂੰ ਛੁਟ, ਉਹ ਹੋਰ ਲੜਾਕਾ ਕੌਮ ਤੂੰ ਕਈ ਹੋਰ ਗੁਣਾਂ ਵਿਚ ਵੀ ਮੁਹਰੀ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ –

**"ਸਚਹੁ ਉਰੇ ਸਭ ਕੋ ਉਪਰਿ ਸਚੁ ਆਚਾਰੁ"**

ਉਪਰੰਤ ਸਾਰੇ ਗੁਰੂ ਸਾਹਿਬਾਨ ਨੇ ਸੱਚੇ ਅਤੇ ਸੁੱਚੇ ਆਚਰਨ ਅਤੇ ਸੱਚ ਦੀ ਧਾਰਨੀ ਉੱਤੇ ਬੱਲ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸਨੂੰ ਹੋਰ ਪੱਕਾ ਅਤੇ ਪੁਖਤਾ ਕੀਤਾ – ਇਸ ਸੰਬੰਧ ਵਿਚ ਪੰਥ ਪ੍ਰਕਾਸ਼ ਦਾ ਇਕ ਹਵਾਲਾ ਉਚਾਰਨਯੋਗ ਹੈ –

**ਪ੍ਰਸ਼ਨ -** **ਪੁਨਿ ਸਿੰਘਨ ਬੂਝੇ ਗੁਣਖਾਨੀ**

**ਸਗਲ ਤੁਰਕ ਭੁਗਵੇ ਹਿੰਦਵਾਨੀ**

**ਸਿੱਖ ਬਦਲਾ ਲੈ ਭਲਾ ਜਣਾਵੇ**

**ਗੁਰੂ ਸ਼ਾਸਤ੍ਰ ਕਿਉ ਵਰਜ ਹਟਾਵੇਂ**

**ਗੁਰੂ ਜੀ ਦਾ ਉੱਤਰ -** **ਸੁਣ ਸਤਿਗੁਰ ਬੋਲੇ ਤਿਸ ਬੇਰੇ**

**ਹਮ ਲੈ ਜਾਣੋਂ ਪੰਥ ਉਚੇਰੇ**

**ਨਾਹਿ ਅਧੋਗਤਿ ਬਿਖੇ ਪਹੁੰਚਾਵੈ**

**ਯਾ ਤੇ ਕਲ ਮਲ ਕਰਤ ਹਟਾਵੇਂ**

ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਦੁਆਰਾ ਦਿੱਤੀ ਨਸੀਹਤ ਬਾਰੇ ਕਹਿੰਦੇ ਹਨ –

**ਸੁਧਿ ਜਬ ਤੇ ਹਮ ਧਰੀ**

**ਬਚਨ ਗੁਰੁ ਦੇ ਹਮਾਰੇ**

**ਪੂਤ ਹਿ ਪ੍ਰਣ ਤੁਹ**

**ਪ੍ਰਾਣ ਜਬ ਲਗ ਘਟ ਥਾਰੇ**

**ਨਿਜ ਨਾਰੀ ਦੇ ਸੰਗ ਨਿਹੁੰ ਤੁਮ ਨਿਤ ਬੁਡੋਇਉ**

**ਪਰ ਨਾਰੀ ਕੀ ਸੇਜ ਭੂਲ ਸੁਪਨੇ ਨਾ ਜਇਓ॥**

ਰਹਿਤ ਨਾਮਾ ਭਾਈ ਦੇਸਾ ਸਿੰਘ –

**ਪਰ ਬੇਟੀ ਕੋ ਬੇਟੀ ਜਾਨੇ, ਪਰ ਇਸਤਰੀ ਕੋ ਮਾਤ ਬਖਾਨੇ**

**ਆਪਣੀ ਇਸਤਰੀ ਸੋ ਰੱਤ ਹੋਈ, ਰਹਿਤਵੰਤ ਸਿੱਖ ਹੋ ਸੋਈ॥**

ਰਾਜ਼ੀ ਨੂਰ ਮੁਹੰਮਦ ਕੱਟੜ ਮੁਸਲਮਾਨ ਤੇ ਤਅਸਬੀ ਹੁੰਦਾ ਹੋਇਆ ਵੀ ਆਪਣੇ ਅੱਖੀਂ ਦੇਖ ਕੇ ਸਿੰਘਾਂ ਦੇ ਚਾਲ ਚਲਣ, ਬਹਾਦਰੀ, ਰਹਿਣ–ਸਹਿਣ, ਤਰਜ਼ੇ ਜੰਗ, ਡੀਲ ਡੋਲ ਤੇ ਧਰਮ ਇਮਾਨ ਜੋ ਆਪਣੀ ਲਿਖਤ 'ਜੰਗਨਾਮਾ' ਵਿਚ ਕਲਮਬੰਧ ਕਰ ਗਿਆ, ਉਸਦੀ ਮਿਸਾਲ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ।

ਲਿਹਾਜ਼ਾ ਸਿੰਘਾਂ ਦੀ ਸਿਫਤ ਬਾਰੇ ਇਹ ਕਹਿਣਾ ਉਚਿਤ ਹੈ –

**ਸੁਣ ਤੌਂ ਸਹੀ ਜਹਾਂ ਮੇਂ ਹੈ ਤੇਰਾ ਫਸਾਨਾ ਕਿਆ**

**ਕਹਤੀ ਹੈ ਤੁਜਕੋ ਨੂਰ ਮੁਹੰਮਦ ਕੀ ਜ਼ਬਾਂ ਕਿਆ**

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ–ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

ਮੋ. 98155-40240,

**lubanabs@yahoo.co.in**

## 'ਇਸ ਦੇਸ਼ ਦੀ ਹਰ ਧੀ ਦਾ ਮਸਤਕ ਖੋਟਾ ਏ !'

# ਭਾਰਤੀ ਸਮਾਜ ਵਿਚ ਔਰਤ ਦੀ ਦਸ਼ਾ

ਡਾ. ਹਰਚੰਦ ਸਿੰਘ ਸਰਹਿੰਦੀ

ਨਾਰੀ ਦਾ ਨਾਂ ਲੈਂਦਿਆਂ ਹੀ, ਤਿਆਗ, ਸਹਿਨਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਆਪਣੇ ਬੱਚਿਆਂ ਲਈ ਮਮਤਾ, ਪਤੀ ਲਈ ਚਰਿੱਤਰਵਾਨ, ਸਮਾਜ ਲਈ ਦਇਆਵਾਨ ਅਤੇ ਜੀਵਾਂ ਪ੍ਰਤੀ ਵੀ ਰਹਿਮ ਦੀ ਭਾਵਨਾ ਰੱਖਣ ਵਾਲੀ ਮਹਾਂਸ਼ਕਤੀ ਦਾ ਨਾਂ ਨਾਰੀ ਹੈ। ਔਰਤ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਨਾਨਕ ਸਿੰਘ ਲਿਖਦਾ ਹੈ – "ਓ ਇਸਤਰੀ! ਤੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਨਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸੁਭ ਕੁਝ, ਹੇ ਇਸਤਰੀ ! ਤੂੰ ਕਿੱਥੋਂ ਪ੍ਰਾਪਤ ਕਰ ਲਿਆ? ('ਅਧ–ਖਿੜਿਆ ਫੁੱਲ' ਵਿਚੋਂ) ਗੱਲ ਕੀ, ਔਰਤ ਕੁਦਰਤ ਦਾ ਇਕ ਅਜਿਹਾ ਅਦਭੁੱਤ ਤੇ ਰਹੱਸਮਈ ਕਰਿਸ਼ਮਾ ਹੈ, ਜੋ ਆਦਿ–ਕਾਲ ਤੋਂ ਹੀ ਜੀਵਨ ਦਾ ਅੰਮ੍ਰਿਤ ਦਿੰਦਾ ਆ ਰਿਹਾ ਹੈ। ਸੱਚਮੁੱਚ ਹੀ, ਔਰਤ, ਇਕ ਤਰ੍ਹਾਂ ਨਾਲ, ਸਾਰੇ ਸੰਸਾਰ ਦਾ ਭਾਰ ਆਪਣੇ ਨਾਜ਼ੁਕ ਮੋਢਿਆਂ ਉੱਤੇ ਚੁੱਕੀ ਫਿਰਦੀ ਹੈ। ਇੰਜ ਜਾਪਦਾ ਹੈ ਜਿਵੇਂ ਧਰਤੀ, ਬਲਦ ਦਿਆਂ ਸਿੰਙਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਹੱਥਾਂ 'ਤੇ ਆ ਟਿਕੀ ਹੋਵੇ ! ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ 'ਤੇ ਨਿਰਭਰ ਕਰਦਾ ਹੈ, ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਇਸ ਤਰ੍ਹਾਂ ਔਰਤ, ਮਰਦ ਨੂੰ 'ਰੱਬ' ਵੱਲੋਂ ਦਿੱਤੀ ਸਭ ਤੋਂ ਸ਼੍ਰੇਸ਼ਠ ਸੌਗਾਤ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ਼ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੇ ਏਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ, ਕਿਉਂਕਿ :

**ਧਰਤੀ 'ਤੇ, ਜੋ ਕੁਝ ਸੋਹਣਾ ਹੈ**
**ਉਸ ਦੇ ਪਿੱਛੇ ਨਾਰ ਅਵੱਸ਼ ਹੈ**
**ਜੋ ਕੁਝ ਕਿਸੇ ਮਹਾਨ ਹੈ ਰਚਿਆ**
**ਉਸ ਵਿਚ ਨਾਰੀ ਦਾ ਹੀ ਹੱਥ ਹੈ**

(ਸ਼ਿਵ ਕੁਮਾਰ ਬਟਾਲਵੀ, 'ਲੂਣਾ')

ਸੱਚਮੁੱਚ ਹੀ – "ਵਜੂਦੇ ਜ਼ਨ ਸੇ ਹੈ ਤਸਵੀਰ ਕਾਇਨਾਤ ਮੇਂ ਰੰਗ।" – ਇਕਬਾਲ। ਪਰ ਅਜੀਬ ਗੱਲ ਹੈ ਕਿ ਔਰਤ ਦੀ ਮਹਾਨਤਾ ਨੂੰ ਮਾਨਤਾ ਦੇਣ ਤੋਂ ਮਰਦ ਸਦਾ ਮੁਨਕਰ ਰਿਹਾ ਹੈ। ਮਾਨਤਾ ਦੇਣ ਦੀ ਗੱਲ ਤਾਂ ਇਕ ਪਾਸੇ ਰਹੀ, ਉਸ ਨੂੰ ਤਾਂ ਇਨਸਾਨ ਤੱਕ ਨਹੀਂ ਸਮਝਿਆ ਜਾਂਦਾ ਅਤੇ ਘਰਾਂ ਤੇ ਸਮਾਜ ਵਿਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। "ਮਰਦ ਜਦੋਂ ਪੈਦਾ ਹੁੰਦਾ ਹੈ, ਸਮਾਜ ਉਹਦੇ ਜਨਮ ਤੋਂ ਹੀ ਉਸ ਨੂੰ ਆਪਣੀ ਹੋਂਦ ਦੀ ਰੱਖਿਆ ਕਰਨ ਵਾਸਤੇ ਤਰ੍ਹਾਂ–ਤਰ੍ਹਾਂ ਦੇ ਹਥਿਆਰਾਂ ਨਾਲ ਤਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ, ਪਰ ਔਰਤ ਨੂੰ ਅਸਲੋਂ ਬੇ–ਹਥਿਆਰ ਰੱਖਿਆ ਜਾਂਦਾ ਹੈ। ਉਹਦੀ ਪ੍ਰਵਰਿਸ਼ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਉਸ ਦੇ ਪੈਰਾਂ ਵਿਚ ਕਿਸੇ ਵੀ ਸੁਤੰਤਰ ਰਾਹ ਉੱਤੇ ਤੁਰਨ ਦੀ ਲਾਲਸਾ ਨਾ ਜਾਗੇ। ਉਹਦੇ ਕੋਲ ਇਕ ਹੀ ਹਥਿਆਰ ਰਹਿ ਜਾਂਦਾ ਹੈ, ਉਹਦਾ ਔਰਤਪਣ–ਇਕ ਸਦੀਵੀ, ਗੁਲਾਮੀ ਦੀ ਬੇਵਿਸ਼ਵਾਸੀ ਦਾ ਛਲੀਆ ਹਥਿਆਰ, ਜਿਸ ਨੂੰ ਕਦੀ ਉਹ ਪੂਜਣ ਲੱਗ ਪੈਂਦੀ ਹੈ ਤੇ ਕਦੀ ਨਫ਼ਰਤ ਕਰਨ ਲੱਗ ਪੈਂਦੀ ਹੈ।" ਸਾਇਮਨ ਡੀ. ਬੀਵਾਇਰ। ਅਜੀਤ ਕੌਰ, ਜਿਸ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿਚ ਕੇਂਦਰ–ਬਿੰਦੂ ਬਣਾਇਆ ਹੈ, 'ਖਾਨਾਬਦੋਸ਼' ਵਿਚ ਲਿਖਦੀ ਹੈ :

ਗੁਨਾਹਿ ਅੱਵਲ– ਔਰਤ ਹੋਣਾ
ਗੁਨਾਹਿ ਦੋਮ – ਇਕੱਲੀ ਔਰਤ
ਗੁਨਾਹਿ ਸੋਮ — ਇਕੱਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ
ਗੁਨਾਹਿ ਅਜ਼ੀਮ–ਤਰੀਨ– ਆਪਣੀ ਰੋਟੀ ਕਮਾਂਦੀ, ਜ਼ਹੀਨ, ਖ਼ੁਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿਚ.

ਔਰਤ ਪ੍ਰਤੀ ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਪ੍ਰਾਚੀਨ ਸਾਹਿਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਾਥ–ਜੋਗੀਆਂ ਨੇ ਔਰਤ, ਜਾਤੀ ਨੂੰ 'ਬੁਰੇ ਦੀ ਹੱਦ ਤੱਕ ਭੰਡਿਆ ਹੈ। ਜੋਗ ਮਤ ਦਾ ਮੁਖੀ ਬਾਬਾ ਗੋਰਖ ਨਾਥ ਔਰਤ ਨੂੰ 'ਬਘਿਆੜੀ' ਦੱਸਦਾ ਹੈ। ਮੱਧਕਾਲ ਦੇ ਪ੍ਰਸਿੱਧ ਕਿੱਸਾਕਾਰਾਂ (ਵਾਰਿਸ ਸ਼ਾਹ, ਪੀਲੂ, ਸਾਹ ਮੁਹੰਮਦ ਆਦਿ) ਨੇ ਵੀ ਔਰਤ ਪ੍ਰਤੀ ਘਟੀਆ ਸੋਚ ਦਾ ਪਸਾਰਾ ਕੀਤਾ ਹੈ। ਮਿਸਾਲ ਵਜੋਂ, ਮੀਆਂ ਪੀਲੂ ਦੇ ਕਿੱਸੇ ਮਿਰਜ਼ਾ ਸਾਹਿਬਾਂ ਦੀਆਂ ਇਹ ਸਤਰਾਂ –"ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ, ਹੱਸ–ਹੱਸ ਲਾਉਂਦੀਆਂ ਯਾਰੀਆਂ ਰੋ–ਰੋ ਦੇਂਦੀਆਂ ਦੱਸ।"– ਤਾਂ ਲਗਭਗ ਹਰ ਪੰਜਾਬੀ ਦੇ ਕੰਠ ਹੋ ਚੁੱਕੀਆਂ ਹਨ ਅਤੇ ਮਨ ਇਨ੍ਹਾਂ ਬੋਲਾਂ ਨੂੰ ਸੁਣਨ ਲਈ ਸਦਾ ਉਤਾਵਲਾ ਰਹਿੰਦਾ ਹੈ।

ਆਓ ! ਪੁਰਾਤਨ ਇਤਿਹਾਸ ਦੇ ਵਰਕੇ ਫਰੋਲਦਿਆਂ, ਉਨ੍ਹਾਂ ਕੁਝ ਇਕ ਤੱਥਾਂ ਦੀ ਨਿਸ਼ਾਨਦੇਹੀ ਕਰੀਏ ਜਿਨ੍ਹਾਂ ਨੇ ਭਾਰਤੀ ਸਮਾਜ ਵਿਚ ਔਰਤ ਦੀ ਤਸਵੀਰ ਨੂੰ ਮਰਦ ਦੇ ਮੁਕਾਬਲੇ ਧੁੰਦਲੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਔਰਤ ਦੇ ਅਕਸ ਨੂੰ ਵਿਗਾੜਨ ਵਿਚ ਮਨੂੰ ਮਹਾਰਾਜ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਨੇ ਜਿੱਥੇ ਵਰਣ ਬਣਾ ਕੇ ਸਮਾਜ ਨੂੰ ਉੱਤਮ ਤੇ ਨੀਵੀਆਂ ਜਾਤਾਂ ਵਿਚ ਵੰਡਣ ਦਾ ਕਲੰਕ ਖੱਟਿਆ ਹੈ, ਉੱਥੇ ਔਰਤ ਦੇ ਸਬੰਧ ਵਿਚ ਕੁਝ ਕਾਲੇ ਕਾਨੂੰਨ ਵੀ ਘੜ੍ਹੇ ਹਨ। ਮਨੂੰ ਰਚਿਤ ਗ੍ਰੰਥ, ਜਿਸ ਨੂੰ

'ਮਨੂੰ ਸਿਮ੍ਰਤੀ' ਕਿਹਾ ਜਾਂਦਾ ਹੈ, ਔਰਤ ਲਈ 'ਜ਼ਹਿਰ ਦੀ ਗੰਦਲ' ਹੈ। ਮਿਸਾਲ ਵਜੋਂ, ਮਨੂੰ ਆਪਣੇ ਗ੍ਰੰਥ ਵਿਚ ਲਿਖਦਾ ਹੈ :

* ਵਿਆਹ ਦੇ ਸਮੇਂ ਕੁੜੀ 'ਤੇ ਏਨਾ ਭਾਰ ਪਾ ਦਿਓ ਕਿ ਉਸ ਨੂੰ ਕੁਝ ਸੁੱਝੇ ਹੀ ਨਾ। ਉਸ ਦਾ ਕੰਮ ਪਤੀ ਦੀ ਸੇਵਾ, ਬੱਚੇ ਜੰਮਣੇ, ਕੱਪੜੇ ਧੋਣੇ, ਰੋਟੀ ਪਕਾਉਣੀ, ਭਾਂਡੇ ਮਾਂਜਣਾ ਆਦਿ ਹੈ।

* ਪਤਨੀ ਕੋਈ ਗ਼ਲਤੀ ਕਰੇ ਤਾਂ ਉਸ ਨੂੰ ਰੱਸੇ ਜਾਂ ਪਾਟੇ ਹੋਏ ਬਾਂਸ ਨਾਲ ਕੁੱਟਿਆ ਜਾਵੇ।

* ਜੇ ਪਤਨੀ ਮਰ ਜਾਵੇ ਤਾਂ ਪਤੀ ਨੂੰ ਚਾਹੀਦਾ ਹੈ ਕਿ ਪਤਨੀ ਨੂੰ ਅੱਗ ਦੀ ਭੇਂਟ ਕਰ ਦੇਣ ਤੋਂ ਬਾਅਦ ਦੂਜਾ ਵਿਆਹ ਕਰ ਲਵੇ ਤੇ ਉਸ ਨੂੰ ਗਰਭ-ਯੋਗ ਬਣਾਉਣ ਵਿਚ ਮਸਤ ਹੋ ਜਾਵੇ।

* ਪਤੀ ਦੇ ਮਰਨ 'ਤੇ ਇਸਤਰੀ ਪਵਿੱਤਰ ਫ਼ਲ-ਫੁੱਲ, ਕੰਦ ਮੂਲ ਆਦਿ ਖਾ ਕੇ ਜੀਵਨ ਦੇ ਦਿਨ ਪੂਰੇ ਕਰੇ। ਪਰਾਏ ਪੁਰਸ਼ ਦਾ ਕਦੇ ਨਾਂ ਵੀ ਨਾ ਲਵੇ।

ਜ਼ਾਹਿਰ ਹੈ, ਔਰਤ ਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖ਼ਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖ਼ਲਾਕੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਤਹਿਤ ਔਰਤ ਜੀਵਨ ਦੇ ਕਿਸੇ ਖੇਤਰ ਵਿਚ ਵੀ ਅੱਖਾਂ ਉਤਾਂਹ ਨਹੀਂ ਚੁੱਕ ਸਕਦੀ ਅਤੇ ਉਸ ਦੀ ਹਰ ਗੱਲ ਦਾ ਫ਼ੈਸਲਾ ਮਰਦ ਨੇ ਕਰਨਾ ਹੁੰਦਾ ਹੈ। ਉੱਧਰ, ਮਨੂੰ ਮਹਾਰਾਜ ਨੇ ਮਰਦ ਨੂੰ ਖ਼ੂਬ ਖੁੱਲ੍ਹਾਂ ਬਖ਼ਸ਼ੀਆਂ ਹਨ।

ਮਨੂੰ ਦੇ ਕਾਲੇ ਕਾਨੂੰਨ ਹੌਲੀ-ਹੌਲੀ ਭਾਰਤੀ ਸਮਾਜ ਦੇ ਹੱਡਾਂ ਵਿਚ ਰਚ ਗਏ। ਗੱਲ ਇੱਥੇ ਤੱਕ ਅੱਪੜ ਗਈ ਕਿ 'ਜ਼ਰ, ਜੋਰੂ ਤੇ ਜ਼ਮੀਨ' ਨੂੰ ਇਕੋ ਨਜ਼ਰ ਨਾਲ ਵੇਖਿਆ ਜਾਣ ਲੱਗ ਪਿਆ। ਇਸ ਤਰ੍ਹਾਂ ਔਰਤ ਇਕ ਨਰਜਿੰਦ ਵਸਤੂ ਬਣ ਕੇ ਰਹਿ ਗਈ। ਗੱਲ ਕੀ, ਮਨੂੰ ਨੇ ਔਰਤ ਨੂੰ 'ਭੋਗਯ' ਬਣਾ ਛੱਡਿਆ ਹੈ- ਬੱਸ, ਭੋਗਣ ਦੀ ਇਕ ਵਸਤੂ। ਦੂਜਾ, ਮਨੂੰ ਮਹਾਰਾਜ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਸੁੰਦਰ ਨਾਰ ਸ਼ੂਦਰ ਦੇ ਘਰ ਦਾ ਸ਼ਿੰਗਾਰ ਬਣੇ। ਸੋ, 'ਮਨੂੰ ਸਿਮ੍ਰਤੀ' ਅਨੁਸਾਰ ਉੱਤਮ ਨਸਲ ਦਾ ਮਰਦ ਸ਼ੂਦਰ ਜਾਤੀ ਨਾਲ ਸਬੰਧਤ (ਸੁੰਦਰ) ਇਸਤਰੀ ਨਾਲ ਵਿਆਹ ਕਰਵਾ ਸਕਦਾ ਹੈ, ਜਦੋਂ ਕਿ ਸ਼ੂਦਰ ਨੂੰ ਕੇਵਲ ਸ਼ੂਦਰ ਇਸਤਰੀ ਵਿਆਹੁਣ ਦਾ ਅਧਿਕਾਰ ਹੈ।

ਸਾਡੇ ਕਈ ਹੋਰ ਧਾਰਮਿਕ ਗ੍ਰੰਥਾਂ ਵਿਚ ਵੀ ਔਰਤ ਨੂੰ ਜ਼ਲੀਲ ਕਰਕੇ ਪੇਸ਼ ਕੀਤਾ ਗਿਆ ਹੈ। ਮਿਸਾਲ ਵਜੋਂ, ਸੰਤ ਕਵੀ ਤੁਲਸੀ ਦਾਸ ਔਰਤ ਨੂੰ ਕੁੱਟਣ ਦੀ ਅਤਿ ਘਿਨਾਉਣੀ ਹਰਕਤ ਨੂੰ ਜਾਇਜ਼ ਕਰਾਰ ਦਿੰਦੇ ਹੋਏ ਫ਼ੁਰਮਾਉਂਦੇ ਹਨ –

**ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ,**
**ਯੇ ਸਭ ਤਾੜਨ ਕੇ ਅਧਿਕਾਰੀ।**

ਇਵੇਂ ਹੀ ਸੰਤ ਕਬੀਰ ਜੀ, ਔਰਤ ਨੂੰ ਧਾਰਮਿਕ ਤੇ ਅਧਿਆਤਮਿਕ ਸਾਧਨਾ ਵਿਚ ਰੁਕਾਵਟ ਦਾ ਕਾਰਨ ਦੱਸਦੇ ਹਨ।

ਅਫ਼ਸੋਸ ਦੀ ਗੱਲ ਹੈ ਕਿ 'ਅਹਿੰਸਾ ਪਰਮੋ ਧਰਮ' ਦਾ ਢੰਡੋਰਾ ਪਿੱਟਣ ਵਾਲੇ ਸਿਆਸਤਦਾਨ ਵੀ ਇਸ ਪੱਖੋਂ ਹੁਣ ਤੱਕ ਅਵੇਸਲੇ ਹੀ ਰਹੇ ਹਨ। ਪਰ ਹਵਾ ਦਾ ਰੁਖ ਹੁਣ ਤੇਜ਼ੀ ਨਾਲ ਬਦਲ ਰਿਹਾ ਹੈ। ਅਨੁਸੂਚਿਤ ਜਾਤਾਂ ਬਾਰੇ ਕੌਮੀ ਕਮਿਸ਼ਨ ਦੇ ਮੁਖੀ ਸੂਰਜ ਭਾਨ ਨੇ ਮਿਤੀ 19 ਜੁਲਾਈ, 2005 ਨੂੰ ਨਵੀਂ ਦਿੱਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੰਗ ਕੀਤੀ ਕਿ ਧਾਰਮਿਕ ਗ੍ਰੰਥਾਂ ਦੇ ਨਵੇਂ ਐਡੀਸ਼ਨਾਂ ਵਿਚੋਂ 'ਇਤਰਾਜ਼ ਵਾਲੇ' ਹਵਾਲੇ ਕੱਢੇ ਜਾਣ, ਤਾਂ ਕਿ ਕਿਸੇ ਦੇ ਦਿਲ ਨੂੰ ਸੱਟ ਨਾ ਵੱਜੇ। ਇਵੇਂ ਹੀ ਬੰਗਲਾਦੇਸ਼ ਦੀ ਬਹੁ-ਚਰਚਿਤ ਲੇਖਿਕਾ ਅਤੇ 'ਲੱਜਾ' ਪੁਸਤਕ ਦੀ ਰਚਿਤਾ ਤਸਲੀਮਾ ਨਸਰੀਨ ਨੇ 15 ਦਸੰਬਰ, 1994 ਨੂੰ ਵਿਏਨਾ (ਆਸਟਰੀਆ) ਵਿਖੇ ਇਕ ਸੈਮੀਨਾਰ ਦੌਰਾਨ 'ਔਰਤ ਦੀ ਦਸ਼ਾ' ਵਿਸ਼ੇ 'ਤੇ ਬੋਲਦਿਆਂ ਕਿਹਾ ਸੀ ਕਿ "ਜਦ ਕਦੇ ਮਰਦਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਂਦਾ ਹੈ ਤਾਂ ਇਸ ਨੂੰ ਜ਼ੁਲਮ ਕਿਹਾ ਜਾਂਦਾ ਹੈ, ਪਰ ਜਦੋਂ ਔਰਤ ਨੂੰ ਤਸੀਹੇ ਦੇ ਕੇ ਮਾਰਿਆ ਜਾਂਦਾ ਹੈ ਤਾਂ ਇਸ ਨੂੰ ਰਿਵਾਜ਼ ਦਾ ਨਾਂ ਦਿੱਤਾ ਜਾਂਦਾ ਹੈ। ਤਸਲੀਮਾ ਨੇ, ਇਕ ਵੱਖਰੇ ਬਿਆਨ ਵਿਚ, ਧਾਰਮਿਕ ਗ੍ਰੰਥਾਂ ਵਿਚੋਂ ਔਰਤ ਵਿਰੋਧੀ ਹਵਾਲੇ ਕੱਢੇ ਜਾਣ ਦੀ ਮੰਗ ਵੀ ਕੀਤੀ ਸੀ।

ਸਾਡੇ ਸਮਾਜ ਵਿਚ ਸੈਕਸ ਦੇ ਮਾਮਲੇ ਵਿਚ ਔਰਤ ਸਦਾ ਹੀ ਮਰਦ ਦੇ ਜ਼ੁਲਮ ਦਾ ਸ਼ਿਕਾਰ ਰਹੀ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ (ਬਦਨੀਤੀ) ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸਵਾਰਥ ਅਨੁਸਾਰ ਢਾਲਿਆ ਜਾਵੇ। ਇਥੋਂ ਤੱਕ ਕਿ ਮਰਦ ਨੇ ਇਸਤਰੀ ਦੀ ਸੈਕਸ ਸਬੰਧੀ ਮੂਲ ਪ੍ਰਵਿਰਤੀ ਨੂੰ ਵੀ ਨਵੇਂ ਅਰਥ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸਤਰੀ ਦੇ ਸੁਭਾਅ ਬਾਰੇ ਮਰਦਾਂ ਵੱਲੋਂ ਘੜ੍ਹਿਆ ਇਕ ਕਥਨ ਪੇਸ਼ ਹੈ :"ਇਸਤਰੀ ਨੂੰ ਕੁਦਰਤ ਨੇ ਕੁਝ ਇਸ ਤਰ੍ਹਾਂ ਬਣਾਇਆ ਹੈ ਕਿ ਉਹ ਆਪਣੀ ਜ਼ਿੰਦਗੀ ਵਿਚ ਕੇਵਲ ਇਕ ਨਾਲ ਪਿਆਰ ਕਰਦੀ ਹੈ ਅਤੇ ਉਸ ਉੱਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ।"... ਅਤੇ ਪੁਰਸ਼ ਦੇ ਸੁਭਾਅ ਦੀ ਵਿਆਖਿਆ ਕਰਦਾ ਕਥਨ ਵੀ ਸੁਣ ਲਵੋ-"ਪੁਰਸ਼ ਦੇ ਸੁਭਾਅ ਵਿਚ ਵੰਨ-ਸੁਵੰਨਤਾ ਹੈ। ਉਹ ਇਕ ਤੋਂ ਵੱਧ ਪਤਨੀਆਂ ਦੀ ਲਾਲਸਾ ਰੱਖਦਾ ਹੈ, ਹਰ ਵੇਲੇ ਨਵੀਂ ਇਸਤਰੀ ਵੱਲ ਰੁਚਿਤ ਰਹਿੰਦਾ ਹੈ।" ਚਲੋ! ਮੰਨ ਲੈਂਦੇ ਹਾਂ। ਪਰ ਵੰਨ-ਸੁਵੰਨਤਾ ਦਾ ਰਾਗ ਅਲਾਪਣ ਵਾਲੇ ਮਰਦਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕੁਦਰਤ ਦੇ ਕਾਨੂੰਨ ਮੁਜਬ ਇਸਤਰੀ, ਮਹੀਨੇ ਦੇ ਕੁਝ ਖ਼ਾਸ ਦਿਨਾਂ ਦੌਰਾਨ ਇਕ ਮਰਦ ਦਾ ਸਾਥ ਲੋਚਦੀ ਹੈ ਅਤੇ ਉਹ ਮਰਦ ਕੋਈ ਵੀ ਹੋ ਸਕਦਾ ਹੈ, ਅੰਨਾ-ਕਾਣਾ, ਲੂਲਾ-ਲੰਗੜਾ ਸਭ ਕਬੂਲ! ਚੇਤੇ ਰਹੇ! ਮਨੁੱਖੀ ਸੈਕਸ ਦੇ ਮਾਮਲੇ ਵਿਚ ਕੋਈ ਵੀ ਗੱਲ ਇਕ-ਪਾਸੜ ਨਹੀਂ ਹੁੰਦੀ।

ਇਸਤਰੀ ਕਾਮ-ਵੇਗ ਵਿਚ ਮਰਦ ਤੋਂ ਕਿਸੇ ਤਰ੍ਹਾਂ ਘੱਟ ਨਹੀਂ ਅਤੇ ਸੈਕਸ-ਕਿਰਿਆ ਲਈ ਵੀ ਉਹ ਬਰਾਬਰ ਦੀ ਇੱਛਾ ਰੱਖਦੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਭਾਰਤੀ ਨਾਰੀ ਦੀ ਇਹ ਮਹਾਨਤਾ ਹੈ ਕਿ ਉਹ ਸੈਕਸ ਦੇ ਮਾਮਲੇ ਵਿਚ ਕੁਦਰਤ ਦੇ ਇਕ ਸਥਾਈ ਕਾਨੂੰਨ ਅਤੇ ਸ਼ਕਤੀਸ਼ਾਲੀ ਜਜ਼ਬੇ ਦਾ ਵਿਰੋਧ ਕਰਦੀ ਹੋਈ, ਆਪਣੇ ਪਤੀ ਤੱਕ ਸੀਮਤ ਰਹਿਣ ਨੂੰ ਹੀ ਆਪਣਾ ਧਰਮ ਸਮਝਦੀ ਹੈ, ਜਾਂ ਕਹਿ ਲਵੋ, ਔਰਤ ਝਿਜਕਦੀ ਹੈ, ਸੰਕੋਚ ਕਰਦੀ ਹੈ- ਇਸ ਲਈ ਕਿ ਉਹ ਇਕ ਔਰਤ ਹੈ। ਜੇ ਸੱਚ ਪੁੱਛੋ ਤਾਂ ਔਰਤ, ਨਾ ਚਾਹੁੰਦੀ ਹੋਈ ਵੀ ਮਰਦ ਪ੍ਰਧਾਨ ਸਮਾਜ ਵਿਚ 'ਕਠਪੁਤਲੀ' ਬਣ ਗਈ ਹੈ। ਪਤੀ-ਪ੍ਰੇਮ 'ਚ ਗੜੁੱਚ ਹੋਈ ਔਰਤ ਵੀ, ਆਮ ਤੌਰ 'ਤੇ ਪਹਿਲ ਕਰਨ ਤੋਂ ਗੁਰੇਜ਼ ਕਰਦੀ ਹੈ, ਕਿਉਂਕਿ ਉਸ ਦੇ ਹਿੱਸੇ ਆਉਂਦਾ ਹੈ, ਦੱਬੂ ਤੇ ਆਗਿਆਕਾਰੀ ਰਹਿ ਕੇ ਪਤੀ ਦੀ ਕਾਮਨਾ ਦੀ ਪੂਰਤੀ ਨੂੰ ਫਰਜ਼ ਸਮਝ ਕੇ ਨਿਭਾਉਣਾ।

'ਮਰਦ ਤੇ ਘੋੜਾ ਕਦੇ ਬੁੱਢੇ ਨਹੀਂ ਹੁੰਦੇ, ਜੇ ਮਿਲਣ ਖ਼ੁਰਾਕਾਂ' ਵਰਗੀਆਂ ਫਰੇਬੀ ਅਖੌਤਾਂ ਰਾਹੀਂ ਮਰਦ ਸਦੀਆਂ ਤੋਂ ਹੀ ਔਰਤ ਨੂੰ ਬੇਵਕੂਫ਼ ਬਣਾਉਣ

ਦਾ ਯਤਨ ਕਰਦਾ ਆ ਰਿਹਾ ਹੈ। ਪਰ ਔਰਤ ਨੇ ਅਜੋੜ ਰਿਸ਼ਤਿਆਂ ਦਾ ਸਦਾ ਵਿਰੋਧ ਕੀਤਾ ਹੈ। ਸ਼ਿਵ ਕੁਮਾਰ ਬਟਾਲਵੀ ਆਪਣੀ ਰਚਨਾ 'ਲੂਣਾ' ਵਿਚ ਇਕ ਧੀ ਦੀ ਵੇਦਨਾ ਨੂੰ ਇਉਂ ਬਿਆਨ ਕਰਦਾ ਹੈ –

**ਧਰਮੀ ਬਾਬਲ ਪਾਪ ਕਮਾਇਆ,**
**ਲੜ ਲਾਇਆ ਸਾਡੇ ਫੁੱਲ ਕੁਮਲਾਇਆ,**
**ਜਿਸ ਦਾ ਇੱਛਰਾਂ ਰੂਪ ਹੰਢਾਇਆ,**
**ਮੈਂ ਪੂਰਨ ਦੀ ਮਾਂ,**
**ਪੂਰਨ ਦੇ ਹਾਣ ਦੀ...।**

ਸ਼ਿਵ ਕੁਮਾਰ ਗੱਲ ਨੂੰ ਜਾਰੀ ਰੱਖਦਿਆਂ, ਮਰਦ ਦੀ ਇਸ ਹਵਸ ਪ੍ਰਸਤੀ ਤੇ ਹਿਰਸ ਵਿਰੁੱਧ ਕਰਾਰੀ ਚੋਟ ਕਰਦਿਆਂ ਲਿਖਦਾ ਹੈ –

**ਪਿਤਾ ਜੇ ਧੀ ਦਾ ਰੂਪ ਹੰਢਾਵੇ ਤਾਂ**
**ਲੋਕਾਂ ਨੂੰ ਲਾਜ ਨਾ ਆਵੇ,**
**ਜੇ ਲੂਣਾ ਪੂਰਨ ਨੂੰ ਚਾਹਵੇ,**
**ਚਰਿੱਤਰਹੀਣ ਕਹੇ ਕਿਉਂ**
**ਜੀਭ ਜਹਾਨ ਦੀ?**

ਦਰਅਸਲ, ਮਰਦ ਪ੍ਰਧਾਨ ਸਮਾਜ ਵਿਚ ਮਰਦ–ਬਿਰਤੀ ਨਾਲ ਉਸਾਰੇ ਗਏ ਸੰਸਾਰ ਵਿਚ ਔਰਤ ਲਈ ਥਾਂ–ਥਾਂ ਬੰਦਿਸ਼ਾਂ ਹਨ। ਇਥੋਂ ਤੱਕ ਕਿ ਉਸ ਦੇ ਹੱਸਣ 'ਤੇ ਵੀ 'ਜੰਦਰੇ ਲੱਗੇ' ਹੋਏ ਹਨ ਅਤੇ ਰੋਣ 'ਤੇ ਵੀ ਪਾਬੰਦੀਆਂ ਆਇਦ ਹਨ (ਜੇ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਚਲਿੱਤਰ ਕਰਦੀ ਹੈ)। ਇਹ ਇਕ ਨਿਰਵਿਵਾਦ ਤੱਥ ਹੈ ਕਿ ਔਰਤ ਨੂੰ ਹਰ ਥਾਂ ਮਾੜੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ ਅਤੇ ਬਲਾਤਕਾਰ ਦੇ ਖ਼ਤਰੇ ਦੀ ਤਲਵਾਰ ਹਰ ਵੇਲੇ ਉਸ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਤਾਹੀਉਂ, ਇਸਤਰੀ ਨੂੰ ਹਰ ਥਾਂ–ਕਾਲਜਾਂ, ਦਫ਼ਤਰਾਂ ਤੇ ਬਾਜ਼ਾਰਾਂ ਵਿਚ ਇਸਤਰੀਪਣ ਦੀ ਪੋਟਲੀ ਚੁੱਕੀ ਫਿਰਨ ਲਈ ਕਿਹਾ ਜਾਂਦਾ ਹੈ। ਔਰਤ ਦੀ ਦਰਦ ਕਹਾਣੀ ਨੂੰ ਬਹੁਤ ਨੇੜਿਓਂ ਵੇਖਣ ਤੇ ਸਮਝਣ ਵਾਲੀ ਸੁਪ੍ਰਸਿੱਧ ਲੇਖਿਕਾ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ "ਕਾਰੋਬਾਰੀ ਥਾਵਾਂ ਉੱਤੇ ਔਰਤ ਦਾ 'ਸ਼ੋਸ਼ਣ' ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੂੰ ਨੌਕਰੀ ਹਾਸਲ ਕਰਨ ਲਈ ਤੇ ਫਿਰ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ 'ਗ਼ਲਤ ਕੰਮ' ਕਰਨੇ ਪੈਂਦੇ ਹਨ।" ਇਹ ਕੈਸਾ ਦਸਤੂਰ ਹੈ?

ਔਰਤ ਚਾਹੇ ਨਿਮਨ ਵਰਗ ਦੀ ਹੋਵੇ ਜਾਂ ਉੱਚ ਵਰਗ ਦੀ, ਕੰਮਕਾਰੀ ਹੋਵੇ ਜਾਂ ਘਰੇਲੂ, ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਔਰਤ ਨੂੰ ਮਰਦ ਦੀ ਕਿਸੇ ਵੀ ਗੱਲ ਨੂੰ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ। ਜੇਕਰ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ 'ਪ੍ਰਮੇਸ਼ਰ' ਉਸ ਦੇ ਵਿੰਗ–ਵਲ ਕੱਢਣ ਲਈ ਡੰਡੋਰਕਾ ਚੁੱਕ ਕੇ, ਇਕ ਲੋਕਗੀਤ ਦੀ ਜ਼ੁਬਾਨੀ ਇਉਂ ਲਲਕਾਰਦਾ ਹੈ–

**ਕਰਦੂੰ ਗਜ ਵਰਗੀ,**
**ਜੇ ਮੁੜਕੇ ਬਰਾਬਰ ਬੋਲੀ।**

ਇਹ ਇਕ ਜਾਣੀ–ਪਛਾਣੀ ਸੱਚਾਈ ਹੈ ਕਿ ਜੇ ਪਤੀ ਮਰ ਜਾਵੇ ਤਾਂ ਪਤਨੀ ਸਾਰੀ ਉਮਰ ਇਕੱਲੀ ਰਹਿ ਕੇ ਔਲਾਦ ਨੂੰ ਸਾਂਭਦੀ ਹੈ ਤੇ ਦੂਜਾ ਵਿਆਹ ਨਹੀਂ ਕਰਵਾਉਂਦੀ। ਇਸ ਦੇ ਉਲਟ, ਪਤਨੀ ਦੀ ਲਾਸ਼ ਹਾਲੇ ਘਰ 'ਚ ਪਈ ਹੁੰਦੀ ਹੈ ਕਿ ਪਤੀ ਦੇਵ ਨੂੰ ਰਿਸ਼ਤੇ ਆਉਣ ਲੱਗ ਜਾਂਦੇ ਹਨ। ਮਰਦ, ਚਾਲਾਕ, ਮੱਕਾਰ ਤੇ ਮੌਕਾਪ੍ਰਸਤ ਹੋਣ ਕਾਰਨ ਕੋਈ ਵੀ ਮੌਕਾ ਹੱਥੋਂ ਨਹੀਂ ਖੁੰਝਾਉਂਦਾ, ਸਗੋਂ ਕਈ ਵਾਰ ਐਡਵਾਂਸ ਬੁਕਿੰਗ ਵੀ ਕਰਵਾ ਕੇ ਰੱਖਦਾ ਹੈ।

ਸਾਡੇ ਸਮਾਜ ਵਿਚ ਜਵਾਨ ਵਿਧਵਾ ਦੀਆਂ ਮਜਬੂਰੀਆਂ ਦੀ ਅਜਬ ਦਾਸਤਾਨ ਹੈ। ਵਿਧਵਾ ਨੂੰ ਕਟੀ ਪਤੰਗ ਸਮਝਿਆ ਜਾਂਦਾ ਹੈ, ਜਿਸ ਦੀ ਡੋਰ ਲੁੱਟਣ ਲਈ ਕਈ ਮਰਦ (ਮੁਸਟੰਡੇ) ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ।

ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਔਰਤ ਲਈ ਪੈਰ–ਪੈਰ 'ਤੇ ਰੋਣ ਦਾ ਮੁਕਾਮ ਹੈ, ਜਿਵੇਂ ਉਹ ਧੁਰੋਂ ਹੀ ਇਹ ਲੇਖ ਲਿਖਵਾ ਕੇ ਲਿਆਈ ਹੋਵੇ। "ਧੀਆਂ–ਧਿਆਣੀਆਂ ਦਰਦ ਕਹਾਣੀਆਂ' ਦੀ ਕਹਾਵਤ ਨੂੰ ਸ਼ਿਵ ਕੁਮਾਰ ਬਟਾਲਵੀ ਆਪਣੀ ਕਲਮ ਵਿਚ ਇਉਂ ਢਾਲ ਕੇ ਪੇਸ਼ ਕਰਦਾ ਹੈ :

**ਹਰ ਧੀ ਆਪਣੇ ਬਾਬਲ ਦੀ**
**ਪੱਗ ਦਾ ਟੋਟਾ ਏ।**
**ਏਸ ਦੇਸ਼ ਦੀ ਹਰ ਧੀ ਦਾ**
**ਮਸਤਕ ਖੋਟਾ ਏ।**

ਅਜਿਹੇ ਮਾਹੌਲ ਵਿਚ, ਔਰਤ ਦੀ ਬੇਵੱਸੀ ਤੇ ਖੋਟੀ ਕਿਸਮਤ ਨੂੰ ਬਿਆਨ ਕਰਦਿਆਂ ਕਿਸੇ ਸ਼ਾਇਰ ਦੀਆਂ ਕਿੰਨੀਆਂ ਸੁੰਦਰ ਤੁਕਾਂ ਹਨ –

ਬੇਵੱਸ ਅਬਲਾ ਔਰਤ ਸੋਚੇ, ਜੀਵਾਂ ਜਾਂ ਮਰ ਜਾਵਾਂ।
ਹਾਏ ਰੱਬਾ! ਇਹ ਔਰਤ ਹੈ ਜਾਂ ਦੁੱਖਾਂ ਦਾ ਸਿਰਨਾਵਾਂ।

ਅਜਿਹੇ ਮੰਦਭਾਗੇ ਹਾਲਾਤ ਨਾਲ ਜੂਝ ਰਹੀ ਔਰਤ ਫਿਰ ਵੀ ਆਪਣੇ ਦਰਦ ਨੂੰ ਇਕ ਟਿੱਸ–ਟਿੱਸ ਕਰਦੇ ਫੋੜੇ ਵਾਂਗੂੰ ਬੋਚ ਕੇ ਰੱਖਦੀ ਹੈ, "ਜਿਵੇਂ ਕਬੂਤਰ ਤੀਰ ਖਾ ਕੇ ਜ਼ਖਮਾਂ ਨੂੰ ਖੰਭਾਂ ਹੇਠ ਛਿਪਾ ਰੱਖਦਾ ਹੈ, ਤਿਵੇਂ ਇਸਤਰੀ ਆਪਣੇ ਦਿਲ ਵਿਚ ਕਿਤਨੇ ਹੀ ਦਰਦ ਛੁਪਾਈ ਰੱਖਦੀ ਹੈ।" ਵਿਆਹ। ਇਸ ਤਰ੍ਹਾਂ ਔਰਤ ਪ੍ਰੇਮ ਦੀ ਸੱਚੀ–ਸੁੱਚੀ ਮਿਸਾਲ ਹੈ ਅਤੇ ਦਰਦ ਦੀ ਇਕ ਅਕਥ ਕਹਾਣੀ ਹੈ। ਵਿਆਹ ਤੋਂ ਪਹਿਲਾਂ ਵੀ ਉਹ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਸੁਰਜੀਤ ਪਾਤਰ ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਾਉਂਦਾ ਹੈ :"

**ਇਕ ਕੈਦ 'ਚੋਂ ਦੂਜੀ ਕੈਦ**
**'ਚ ਪਹੁੰਚ ਗਈ ਹੈ,**
**ਕੀ ਖੱਟਿਆ ਵਟਣਾ ਮਲਕੇ,**
**ਮਹਿੰਦੀ ਲਾਕੇ।**

ਦੂਜੇ ਪਾਸੇ, ਸੁਤੰਤਰ ਤੇ ਸਵੈਮਾਨੀ ਮਰਦ ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਇਸਤਰੀ, ਪੁਰਸ਼ ਦੀ ਅਰਧਾਂਗਨੀ, ਅਰਥਾਤ ਅੱਧਾ ਅੰਗ ਹੈ। ਇਹ ਕਹਿਣਾ ਸੱਚ ਦੇ ਜ਼ਿਆਦਾ ਕਰੀਬ ਹੋਵੇਗਾ ਕਿ ਉਹ ਅੱਧਾ ਅੰਗ ਨਹੀਂ, ਸਗੋਂ ਦੋਵੇਂ ਇਕ–ਦੂਸਰੇ ਨੂੰ ਸੰਪੂਰਨ ਕਰਦੇ ਹਨ। ਪਰ ਅਸਲੀਅਤ ਇਹ ਹੈ ਕਿ ਇਸਤਰੀ ਨੂੰ ਕਦੇ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ।

ਪੰਜਸ ਦੀਆਂਪ ਹਿਲਾਂ,ਅ ੱਜਨ ਾਲੋਂ ਕਤੇਵ ੱਧਅ ੌਰਤ ਵਰੋਧੀ ਵਾਤਾਵਰਣ ਸੀ। ਉਦੋਂ ਗੁਰੂ ਸਾਹਿਬਾਨ ਨੇ ਸਮਾਜ ਨੂੰ ਸਾਹਮਣਿਓਂ ਲਲਕਾਰਿਆ ਅਤੇ ਤੜਪਦੀ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ।

ਬਾਬਾ ਨਾਨਕ ਦਾ ਇਹ ਫ਼ੁਰਮਾਨ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"- ਇਕ ਕ੍ਰਾਂਤੀਕਾਰੀ ਕਦਮ ਸੀ। ਗੁਰੂ ਅਮਰਦਾਸ ਨੇ ਔਰਤ ਨੂੰ ਸਮਾਜ ਵਿਚ ਸਨਮਾਨਯੋਗ ਸਥਾਨ ਦਿਵਾਉਣ ਲਈ ਸੰਘਰਸ਼ ਵਿੱਢਿਆ ਅਤੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਨੇ ਮਾਤਾ ਸਾਹਿਬ ਦੇਵਾਂ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਸੰਪੂਰਨ ਰੂਪ ਵਿਚ ਆਜ਼ਾਦ ਕਰ ਦਿੱਤਾ। ਇਹੋ ਕਾਰਨ ਹੈ ਕਿ ਅੱਜ ਸਿੱਖ ਧਰਮ ਵਿਚ ਔਰਤ ਸਵੈ-ਮਾਣ ਦੀ ਸਾਕਾਰ ਮੂਰਤ ਨਜ਼ਰ ਆਉਂਦੀ ਹੈ।

ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ, ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਹੋ! ਸੱਚ ਤਾਂ ਇਹ ਹੈ ਕਿ "ਅਸੀਂ ਰੱਬ ਤੋਂ ਉਤਰਕੇ ਔਰਤ ਦੇ ਦੇਣਦਾਰ ਹਾਂ, ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ।" ਮਿ. ਸੇਟਲੇਵੋ। ਜਿਨ੍ਹਾਂ ਰੱਬ ਦਿਆਂ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਵੇਖ ਲਿਆ ਹੈ, ਉਹ ਉਸ ਦੇ ਪੁਜਾਰੀ ਬਣ ਗਏ ਹਨ (ਲੇਖਕ, ਉਨ੍ਹਾਂ ਖੁਸ਼ਨਸੀਬਾਂ ਵਿਚੋਂ ਇਕ ਹੈ)। ਖ਼ੈਰ!

ਜੀਵਨ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ, ਆਮ ਤੌਰ 'ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਲਿਖਿਆ ਹੈ ਕਿ ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ। ਸੋ, ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਥਿਊਡਰ ਹੇਜ਼ਬਰਗ ਦਾ ਇਹ ਕਥਨ ਕਾਬਿਲ-ਏ-ਗੌਰ ਹੈ -"ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।"

ਬਦਲੇ ਹੋਏ ਹਾਲਾਤ, ਮਰਦ ਨੂੰ ਇਹ ਸੁਨੇਹਾ ਦਿੰਦੇ ਹਨ ਕਿ ਹੁਣ ਮਰਦਾਊਪੁਣੇ ਦੀ ਹੈਂਕੜ ਨੂੰ ਤਿਆਗ ਦੇਣ ਵਿਚ ਹੀ ਅਕਲਮੰਦੀ ਹੈ। ਔਰਤ ਜਾਤੀ ਦਾ ਸ਼ੋਸ਼ਣ ਕਰਨ ਵਾਲੇ ਫ਼ਤਵਿਆਂ-ਫ਼ੁਰਮਾਨਾਂ ਲਈ ਹੁਣ ਕੋਈ ਸਥਾਨ ਨਹੀਂ, ਕਿਉਂਕਿ ਸਦੀਆਂ ਤੋਂ ਤ੍ਰਿਸਕਾਰੀਆਂ ਤੇ ਦੋਹਰੀ-ਤੀਹਰੀ ਗ਼ੁਲਾਮੀ ਦਾ ਸੰਤਾਪ ਭੋਗ ਰਹੀਆਂ ਮਾਵਾਂ-ਧੀਆਂ-ਭੈਣਾਂ ਹੁਣ ਜਾਗ ਪਈਆਂ ਹਨ।...ਵੈਸੇ, ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ।

ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ, ਤਾਂ ਕਿ ਕੋਈ ਇਹ ਨਾ ਕਹਿ ਸਕੇ ਕਿ 'ਔਰਤ ਹੀ ਔਰਤ ਦੀ ਦੁਸ਼ਮਣ ਹੈ। ਚੇਤੇ ਰਹੇ! ਮਰਦ ਇਸ ਸਮੇਂ ਔਰਤ ਦਾ ਪੱਖ ਪੂਰਨ ਦੇ ਰੌਂਅ ਵਿਚ ਹੈ, ਜੋ ਇਕ ਸ਼ੁਭ ਸੰਕੇਤ ਹੈ। ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੇਵਲ ਉਹ ਸਮਾਜ ਹੀ ਸਭਿਆ ਕਹਾਉਣ ਦਾ ਹੱਕਦਾਰ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ, ਯਾਨੀ ਇਸਤਰੀ ਦੀ ਪਦਵੀ ਉਸ ਕੌਮ ਦੀ ਉੱਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।" ਅਰਸਤੂ ਇਸ ਤੱਥ 'ਤੇ ਆਪਣੀ ਛਾਪ ਇਉਂ ਲਾਉਂਦਾ ਹੈ-"ਇਸਤਰੀ ਦੀ ਉੱਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।" ਗੱਲ ਕੀ, ਇਸਤਰੀ ਦੀ ਖੁਸ਼ੀ ਹੀ ਘਰ ਤੇ ਸਮਾਜ ਦੀ ਖੁਸ਼ੀ ਤੇ ਉੱਨਤੀ ਦਾ ਸਬੂਤ ਹੈ।

'ਜਾਦੂ ਉਹ ਜੋ ਸਿਰ ਚੜ੍ਹ ਕੇ ਬੋਲੇ!' ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ ਮਨੂੰ ਵੀ ਕਹਿਣ ਲਈ ਮਜਬੂਰ ਹੋ ਗਿਆ ਹੈ ਕਿ "ਜਿਸ ਘਰ ਜਾਂ ਖ਼ਾਨਦਾਨ ਵਿਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ, ਉਸ ਘਰ 'ਤੇ ਦੇਵਤੇ ਖੁਸ਼ ਰਹਿੰਦੇ ਹਨ ਅਤੇ ਜਿਸ ਘਰ ਵਿਚ ਇਸਤਰੀਆਂ ਦੁਖੀ ਹਨ ਉਥੇ ਕੋਈ ਵੀ ਪੁੰਨ ਨਹੀਂ ਫਲਦਾ। ਉਹ ਘਰ ਛੇਤੀ ਹੀ ਤਬਾਹ ਹੋ ਜਾਂਦਾ ਹੈ।"

ਨਿਰਸੰਦੇਹ, ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਸਭ ਤੋਂ ਵੱਧ ਕੇ, ਘਰ ਦਾ ਮਾਹੌਲ ਅਮਨ ਸ਼ਾਂਤੀ ਵਾਲਾ ਅਤੇ ਖੁਸ਼ਗਵਾਰ ਹੋ ਜਾਂਦਾ ਹੈ।

ਬਕੌਲ ਬੀ.ਐਸ.ਬੀਰ.

**"ਸੰਦਲੀ ਪੌਣਾਂ ਝੁਲਦੀਆਂ**
**ਜਿੱਥੇ ਨਾਰੀ ਦਾ ਸਨਮਾਨ।"**

ਇਹ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਕਿੱਥੇ ਜੰਮਿਆ, ਉਹਦੇ ਮਾਂ-ਪਿਓ ਦਾ ਨਾਂ ਕੀ ਸੀ ਜਾਂ ਉਹਦਾ ਆਪਣਾ ਨਾਂ ਕੀ ਸੀ, ਲੰਮਾ ਸੀ, ਛੋਟਾ ਸੀ, ਸ਼ਕਲੋਂ ਗੋਰਾ ਸੀ ਜਾਂ ਕਾਲਾ, ਸੋਹਣਾ ਸੀ ਜਾਂ ਨਹੀਂ। ਜੇ ਕੋਈ ਗੱਲ ਮਹੱਤਤਾ ਰੱਖਦੀ ਹੈ ਤਾਂ ਇਹ ਕਿ ਕਿਸੇ ਵਿਅਕਤੀ ਨੇ ਜੀਵਨ ਕਿਸ ਢੰਗ ਨਾਲ ਕਿੰਨਾ ਸੁਚੱਜਾ ਅਤੇ ਭਰਪੂਰ ਨਿਭਾਇਆ ਅਤੇ ਉਹ ਆਪਣੇ ਸੰਘਰਸ਼ ਅਤੇ ਤਜ਼ਰਬੇ ਤੋਂ ਕਿਸੇ ਲਈ ਸਿੱਖਣਯੋਗ ਅਤੇ ਲਾਭਦਾਇਕ ਕੀ ਦੇਣ ਦੇ ਗਿਆ।

**ਡਾ. ਸਰਦਾਰਾ ਸਿੰਘ ਜੌਹਲ**
**('ਰੰਗਾਂ ਦੀ ਗਾਗਰ' 'ਚੋਂ)**


# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਪ੍ਰਧਾਨ ਦਾ ਵਿਦਾਇਗੀ ਸੁਨੇਹਾ

ਜਦੋਂ ਕੋਈ ਕਹਿੰਦਾ ਹੈ ਕਿ ਤੁਸੀਂ ਬਹੁਤ ਵਧੀਆ ਕਰ ਦਿੱਤਾ ਹੈ ਤਾਂ ਬਹੁਤ ਵੱਡਾ ਉਤਸ਼ਾਹ ਅਤੇ ਹੌਂਸਲਾ ਅਫ਼ਜਾਈ ਹੁੰਦੀ ਹੈ। ਵਡਿਆਈ ਅਤੇ ਸ਼ਲਾਘਾ ਬਹੁਤ ਵਧੀਆ ਅਗਾਂਹਵਧੂ ਸੋਚ (Motivation) ਹੈ। ਸੋ ਮੈਂ ਅਤੇ ਮੇਰੀ ਕਾਰਜਕਾਰਨੀ ਕਮੇਟੀ ਅਤੇ ਵਰਕਿੰਗ ਕਮੇਟੀ ਇਹੋ ਜਿਹੇ ਸੋਚ ਦੇ ਧਾਰਨੀ ਵਿਅਕਤੀਆਂ ਦੀ ਹੌਂਸਲਾ ਅਫਜਾਈ ਲਈ ਰਿਣੀ ਹਾਂ। ਅਸੀਂ ਸਮਝਦੇ ਹਾਂ ਕਿ ਸਮਾਂ 7/2014 ਤੋਂ 3/2017 ਜੋ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਸੇਵਾ ਪ੍ਰਦਾਨ ਕਰਨ ਲਈ ਮਿਲਿਆ ਸੀ ਬਹੁਤ ਕਾਮਯਾਬੀ ਵਾਲਾ ਰਿਹਾ ਹੈ। ਪਿਛਲੇ ਸਮਿਆਂ ਮੁਕਾਬਲੇ ਵਧੀਆ ਤਰੱਕੀ ਹੋਈ ਹੈ। 31 ਮਾਰਚ 2017 ਨੂੰ ਮੇਰੀ ਸੇਵਾ ਦਾ ਕਾਰਜਕਾਲ ਸਮਾਪਤ ਹੋ ਰਿਹਾ ਹੈ ਅਤੇ ਇਹ ਸਮਾਂ ਹੈ ਕਿ ਆਪਣੀ 33 ਮਹੀਨਿਆਂ ਦੀ ਕਾਰਗੁਜ਼ਾਰੀ ਵੱਲ ਲੇਖਾ-ਜੋਖਾ ਵਿਚਾਰਿਆ ਜਾਵੇ। ਇਹ ਸਮਾਂ ਮੋਟੇ ਤੌਰ 'ਤੇ ਮੇਰੇ ਲਈ ਤਸੱਲੀ ਵਾਲਾ ਰਿਹਾ ਹੈ। ਇਸ ਲਈ ਮੈਂ ਜਿਹੜੇ ਵੀ ਵਿਅਕਤੀਆਂ ਨੇ ਦਿਲੋਂ ਤਨ ਮਨ ਅਤੇ ਧੰਨ ਨਾਲ ਇਸ ਵਿਚ ਸਾਂਝ ਪਾਈ ਹੈ ਮੈਂ ਉਨ੍ਹਾਂ ਦਾ ਤਹਿ ਦਿਲੋਂ ਅਤਿ ਧੰਨਵਾਦੀ ਹਾਂ। ਇਹ ਸਮਾਂ ਜੋ ਮੈਂ ਫਾਊਂਡੇਸ਼ਨ ਵਿਚ ਬਿਤਾਇਆ ਹੈ ਇਕ ਅਹਿਮ ਸਮਾਂ ਰਿਹਾ ਹੈ ਜਿਸ ਵਿਚ ਹੇਠ ਲਿਖੇ ਅਨੁਸਾਰ ਉੱਪਰ ਵੱਲ ਤਰੱਕੀ ਦੀਆਂ ਪੁਲਾਂਘਾਂ ਪੁੱਟੀਆਂ ਗਈਆਂ ਹਨ ਤਾਂ ਜੋ ਫਾਊਂਡੇਸ਼ਨ ਦੀ ਆਮਦਨ ਅਤੇ ਆਸ਼ੇ ਮੁਤਾਬਿਕ ਕੰਮ ਹੋ ਸਕੇ। ਇਸ ਵਿਚ ਵਾਹਿਗੁਰੂ ਵੱਲੋਂ ਭਰਪੂਰ ਕਾਮਯਾਬੀ ਹਾਸਲ ਹੋਈ ਹੈ। ਅਰਦਾਸ ਕਰਕੇ ਭਾਵਨਾ ਰੱਖ ਕੇ ਕੰਮਕਾਜ ਦੀ ਸ਼ੁਰੂਆਤ ਕੀਤੀ ਗਈ **"ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥"** ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਨਾਲ ਅਤੇ ਉਸ ਦੇ ਭਾਣੇ ਅਨੁਸਾਰ ਚੰਗਾ ਸਮਾਂ ਬਤੀਤ ਹੋਇਆ ਹੈ। **"ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।"** ਮੇਰੇ ਵੱਲੋਂ ਇਹ ਭਰਪੂਰ ਕੋਸ਼ਿਸ਼ ਕੀਤੀ ਗਈ ਕਿ **"ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।"**

ਸਭ ਤੋਂ ਪਹਿਲਾਂ ਚੰਗੀ ਮੈਨੇਜਮੈਂਟ ਵੱਲ ਖਾਸ ਧਿਆਨ ਦਿੱਤਾ ਗਿਆ ਜਿਸ ਵਿਚ ਸੁਧਾਰਾਂ ਦੀ ਬਹੁਤ ਲੋੜ ਮਹਿਸੂਸ ਕੀਤੀ ਗਈ। ਭਵਨ ਦੀਆਂ ਚੰਡੀਗੜ੍ਹ ਵਿਖੇ ਬਹੁਤ ਖੂਬਸੂਰਤ ਇਮਾਰਤਾਂ ਬਣੀਆਂ ਹੋਈਆਂ ਸਨ ਪ੍ਰੰਤੂ ਉਨ੍ਹਾਂ ਦੀ ਸਾਂਭ ਸੰਭਾਲ ਅਤੇ ਸਹੀ ਉਪਯੋਗ ਨਹੀਂ ਹੋ ਰਿਹਾ ਸੀ। ਜਿਸ ਕਾਰਨ ਭਵਨ ਦੀ ਆਮਦਨ ਸਿਰਫ਼ 2 ਤੋਂ 2.50 ਲੱਖ ਵੱਧ ਤੋਂ ਵੱਧ ਪ੍ਰਤੀ ਮਹੀਨਾ ਹੀ ਹੋਈ ਸੀ। ਸਟਾਫ਼ ਨੂੰ ਚੁਸਤ-ਦਰੁਸਤ ਅਤੇ ਰਖ-ਰਖਾਵ ਵੱਲ ਵਧੀਆ ਅਤੇ ਜ਼ੋਰ ਦੇ ਕੇ ਪਹਿਲੇ ਮਹੀਨੇ ਹੀ 4.90 ਲੱਖ ਰੁਪਏ ਆਮਦਨ ਹੋਈ ਜੋ ਕਿ ਲਗਾਤਾਰ ਰੱਖ-ਰਖਾਵ ਅਤੇ ਆਓ ਭਗਤ ਕਰਕੇ ਲਗਾਤਾਰ ਵਧਦੀ ਗਈ। ਕੁੱਲ ਆਮਦਨ 33 ਮਹੀਨਿਆਂ ਵਿਚ ਤਿੰਨ (3) ਕਰੋੜ ਹੋਈ ਹੈ ਮਤਲਬ ਇਕ ਕਰੋੜ ਤੋਂ ਵੱਧ ਹਰ ਸਾਲ ਵਿਚ ਜੋ ਕਿ ਪਿਛਲੇ ਸਮਿਆਂ ਦੀ 20-25 ਲੱਖ ਦੀ ਆਮਦਨ ਨਾਲੋਂ ਤਿੰਨ ਤੋਂ ਚਾਰ ਗੁਣਾਂ ਵਧੇਰੇ ਹੋਈ ਹੈ ਜਦਕਿ ਕੋਈ ਵੀ ਨਵੀਂ ਇਮਾਰਤ ਭਵਨ ਵਿਖੇ ਆਮਦਨ ਦੇ ਸਾਧਨ ਵਾਸਤੇ ਇਸ ਸਮੇਂ ਵਿਚ ਨਹੀਂ ਬਣਾਈ ਗਈ। ਸਟਾਫ਼ ਦੀ ਚੰਗੀ ਕਾਰਗੁਜ਼ਾਰੀ ਲਈ ਆਨਰੇਰੀਅਮ ਵਿਚ ਕਾਫੀ ਯੋਗ ਵਾਧਾ ਕੀਤਾ ਗਿਆ ਤਾਂ ਜੋ ਉਹ ਚੰਗੀ ਲਗਨ ਨਾਲ ਭਵਨ ਵਿਚ ਕੰਮ ਕਰਨ। ਇਸ ਨਾਲ ਭਵਨ ਦੀ ਦਿੱਖ ਕਰਕੇ ਲੋਕਾਂ ਦੇ ਆਉਣ ਵਿਚ ਬੇਮਿਸਾਲ ਵਾਧਾ ਹੋਇਆ। ਇਹ ਸਭ ਕੰਮ ਸਭ ਦਾ ਸਹਿਯੋਗ ਲੈ ਕੇ ਖਾਸ ਕਰਕੇ ਜਨਰਲ ਸਕੱਤਰ ਅਤੇ ਜੋ ਵੀ ਲੋਕ ਭਵਨ ਠਹਿਰਨ ਲਈ ਆਉਂਦੇ ਸਨ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਕੇ ਹੀ ਹੋਇਆ ਹੈ। ਇਹ ਆਮਦਨ ਪਹਿਲਾਂ ਵੀ ਵੱਧ ਸਕਦੀ ਸੀ। ਇਸ ਆਮਦਨ ਦੇ ਵਾਧੇ ਦੇ ਪੱਖ ਨੂੰ ਸਮਾਂ ਦੇਣਾ ਅਤੇ ਚੰਗੀ ਕਾਰਗੁਜ਼ਾਰੀ ਕਰਕੇ ਬਹੁਤ ਚੰਗੀ ਸੋਚ ਅਤੇ ਧਾਰਨਾ ਵਾਲੇ ਮੈਂਬਰਾਂ ਅਤੇ ਹੋਰ ਵਿਅਕਤੀਆਂ ਵੱਲੋਂ ਸਮੇਂ-ਸਮੇਂ ਸਰਾਹਿਆ ਗਿਆ ਹੈ।


**ਗੁਰਚਰਨ ਸਿੰਘ**
**ਪ੍ਰਧਾਨ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**
**98140-17067**

ਇਸ ਤੋਂ ਉਪਰੰਤ ਭਵਨ ਦੇ ਰੱਖ-ਰਖਾਵ ਤਹਿਤ ਸ਼ੁਰੂ ਵਿਚ ਹੀ ਸਾਰੇ ਬਾਥਰੂਮਾਂ ਦਾ ਬਹੁਤ ਵਧੀਆ ਢੰਗ ਨਾਲ ਨਵੀਨੀਕਰਨ ਮੁਤਾਬਿਕ ਜ਼ਰੂਰੀ ਉਸਾਰੀ ਅਤੇ ਠੀਕ ਕੀਤਾ ਗਿਆ ਜਿਸ ਵਿਚ ਅੱਠ (8) ਆਮ ਪਬਲਿਕ ਲਈ ਬਾਥਰੂਮ ਹਨ ਅਤੇ ਦੱਸ (10) ਭਾਈ ਲੱਖੀ ਸ਼ਾਹ (ਪੁਰਾਣੀ ਬਿਲਡਿੰਗ) ਵਾਲੇ ਬਾਥਰੂਮ ਪੂਰੀ ਤਰ੍ਹਾਂ ਠੀਕ ਕੀਤੇ ਗਏ ਅਤੇ ਨਵੀਆਂ ਫਿਟਿੰਗਾਂ ਕੀਤੀਆਂ ਗਈਆਂ। ਨਾਲ ਹੀ ਦਰਵਾਜ਼ੇ, ਰੰਗ ਰੋਗਨ ਅਤੇ ਹੋਰ ਲੋੜੀਂਦੀ ਦੇਖ ਭਾਲ ਕਰਕੇ ਆਮ ਲੋਕਾਂ ਦੇ ਠਹਿਰਨ ਦੇ ਯੋਗ ਬਣਾਏ ਗਏ। ਇਸ ਤਰ੍ਹਾਂ ਭਵਨ ਦੀ ਬੁਕਿੰਗ ਵਿਚ ਬਹੁਤ ਹੀ ਵਾਧਾ ਹੋਇਆ। ਲੋਕਾਂ ਨੂੰ ਲਗਾਤਾਰ ਇਸ ਭਵਨ ਵਿਚ ਠਹਿਰਨਾ ਉਨ੍ਹਾਂ ਦੀ ਪਹਿਲੀ ਪਸੰਦ ਬਣਦੀ ਰਹੀ ਹੈ। ਪ੍ਰਧਾਨ ਦਾ ਕੋਈ ਦਫ਼ਤਰ ਨਹੀਂ ਸੀ। ਫੁਲਵਾੜੀ ਦੇ ਕੋਨੇ ਵਿਚ ਪੁਰਾਣੇ ਇਕ ਛੇ (6 ਫੁੱਟ) ਉੱਚਾ ਸੈੱਡ ਜੋ ਕਿ 2003-04 ਵਿਚ 4 ਲੱਖ ਤੋਂ ਵੱਧ ਰੁਪਏ ਨਾਲ ਬਣਾਇਆ ਗਿਆ ਸੀ ਉਸ ਨੂੰ ਹੁਣ ਸਿਰਫ਼ ਪੁਰਾਣੇ ਪਏ ਟੁੱਟੇ-ਫੁੱਟੇ ਸਮਾਨ ਅਤੇ ਕੁਝ ਸਸਤੇ ਸਮਾਨ ਨਾਲ ਵਧੀਆ 8 ਫੁੱਟ ਉੱਚਾ ਪ੍ਰਧਾਨ ਦਾ ਦਫ਼ਤਰ ਬਣਾ ਦਿੱਤਾ ਗਿਆ ਸੀ ਜੋ ਹਰ ਆਉਣ ਜਾਣ ਵਾਲੇ ਨੇ

ਬਹੁਤ ਸਰਾਹਿਆ ਹੈ। ਫਿਜ਼ਿਉਥੈਰਾਪੀ ਸੈਂਟਰ ਦੀ ਪੂਰੀ ਤਰ੍ਹਾਂ ਨਵੀਨੀਕਰਨ ਕਰਕੇ ਇਕ ਕਮਰੇ ਅਤੇ ਡਾਕਟਰ ਦੇ ਕੈਬਿਨ ਬਣਾ ਕੇ ਮਰੀਜ਼ਾਂ ਲਈ ਪੂਰੀ ਤਰ੍ਹਾਂ ਯੋਗ ਬਣਾਇਆ ਗਿਆ ਹੈ। ਨਾਲ ਰਸੋਈ ਜੋ ਆਮ ਵੱਡੇ ਸਮਾਗਮਾਂ ਲਈ ਵਰਤੀ ਜਾਂਦੀ ਹੈ ਵਿੱਚ ਹੈਡਰ ਲਾ ਕੇ ਸਟੇਨਲੈਸ ਸਟੀਲ ਦੇ ਤਿੰਨ ਬਰਤਨ ਸਾਫ਼ ਕਰਨ ਲਈ ਵਾਸ਼ਰ ਬਣਾਏ ਗਏ ਹਨ। ਭਵਨ ਵਿਖੇ ਛੇ (6) ਲੋਕਾਂ ਲਈ ਲਿਫ਼ਟ ਯੋਗ ਥਾਂ ਤੇ ਲਾ ਕੇ ਮੁਕੰਮਲ ਕਰ ਲਈ ਗਈ ਹੈ ਤਾਂ ਜੋ ਉੱਪਰ ਵਾਲੀਆਂ ਮੰਜ਼ਲਾਂ ਅਤੇ ਸਾਰਿਆਂ ਵੱਲੋਂ ਇਸ ਲਿਫ਼ਟ ਦਾ ਉਪਯੋਗ ਹੋ ਸਕੇ।

ਕਾਫੀ ਸਮੇਂ ਤੋਂ ਬੰਦ ਪਿਆ ਦੰਦਾਂ ਦਾ ਹਸਪਤਾਲ (ਡੈਂਟਲ ਕਲੀਨਿਕ) ਨਵੀਂ ਮਸ਼ੀਨਾਂ ਅਤੇ ਸਾਜੋ ਸਮਾਨ ਨਾਲ ਛੇਤੀ ਹੀ ਸ਼ੁਰੂ ਕਰ ਦਿੱਤਾ ਗਿਆ ਸੀ। ਮੈਡੀਕਲ ਟੈਸਟਿੰਗ ਲਈ ਆਧੁਨਿਕ ਆਟੋਮੈਟਿਕ ਮਰੀਜ਼ਾਂ ਦੇ ਟੈਸਟ ਕਰਨ ਲਈ ਐਨੇਲਾਈਜ਼ਰ ਵੀ ਸਥਾਪਿਤ ਕਰਕੇ ਚੱਲ ਰਿਹਾ ਹੈ। ਪਹਿਲੀ ਵਾਰ ਭਵਨ ਦੇ ਇਤਿਹਾਸ ਵਿਚ ਭਵਨ ਤੋਂ ਬਾਹਰ ਪਿੰਡਾਂ ਅਤੇ ਦੂਰ ਦੁਰਾਡੇ ਲੁਬਾਣਾ ਬਰਾਦਰੀ ਵਾਲੇ ਖੇਤਰਾਂ ਲਈ ਤਕਰੀਬਨ 14.50 ਲੱਖ ਰੁਪਏ ਦੀ ਲਾਗਤ ਨਾਲ ਮੋਬਾਇਲ ਟੈਸਟਿੰਗ ਵੈਨ ਨੂੰ ਪੂਰੀ ਤਰ੍ਹਾਂ ਸਾਜੋ-ਸਮਾਨ ਨਾਲ ਅਤੇ ਟੈਸਟਿੰਗ ਟੀਮ, ਡਰਾਈਵਰ ਰੱਖ ਕੇ ਚਾਲੂ ਕੀਤਾ ਹੈ। ਇਸ ਟੈਸਟਿੰਗ ਦੁਆਰਾ 25 ਤੋਂ 30 ਟੈਸਟ ਹਰ ਮਰੀਜ਼ ਦੇ ਪਿੰਡਾਂ ਵਿਚ ਸਮੇਂ-ਸਮੇਂ ਪ੍ਰੋਗਰਾਮ ਬਣਾ ਕੇ 25 ਤੋਂ 65 ਵਿਅਕਤੀਆਂ ਦੇ ਪੂਰੇ-ਪੂਰੇ ਟੈਸਟ ਇਕ ਦਿਨ ਵਿਚ, ਖਾਸ ਕਰਕੇ ਪਿੰਡ-ਪਿੰਡ ਜਾ ਕੇ ਕੀਤੇ ਗਏ ਜੋ ਪੂਰੀ ਤਰ੍ਹਾਂ ਮੁਫ਼ਤ ਕੀਤੇ ਗਏ ਹਨ। ਇਹ ਪ੍ਰਕਿਰਿਆ ਤਕਰੀਬਨ 15 ਮਹੀਨਿਆਂ ਤੋਂ ਨਿਰੰਤਰ ਹੁਣ ਤੱਕ ਚੱਲ ਰਹੀ ਹੈ ਇਸ ਨਾਲ ਹਰ ਵਿਅਕਤੀ ਦੇ ਟੈਸਟ ਵਜੋਂ ਘੱਟੋ-ਘੱਟ ਇਕ ਹਜ਼ਾਰ (1000) ਰੁਪਏ ਦੀ ਮੁਫਤ ਸੇਵਾ ਹੋਈ ਹੈ ਜੋ ਕਿ ਤਕਰੀਬਨ 9 ਤੋਂ 10 ਲੱਖ ਖਰਚ ਕਰਕੇ ਸਮਾਜ ਨੂੰ ਸੇਵਾ ਕਰਕੇ ਉਸੇ ਦਿਨ ਮੌਕੇ 'ਤੇ ਹੀ ਟੈਸਟ ਕਰਕੇ ਦਿੱਤੇ ਗਏ ਹਨ। ਇਹ ਟੈਸਟਿੰਗ ਮੋਬਾਈਲ ਵੈਨ ਕਰਕੇ ਲੁਬਾਣਾ ਫਾਊਂਡੇਸ਼ਨ ਬਾਰੇ ਜਨਤਾ ਵਿਚ ਜਾਗਰਤੀ ਆਈ ਹੈ। ਕੁਝ ਸਮਾਜ ਸੁਧਾਰਕ ਸੇਧਾਂ ਅਤੇ ਮੁਫਤ ਲਿਟਰੇਚਰ ਦੀ ਸਮੱਗਰੀ ਦੀ ਦਿੱਤੀ ਗਈ ਹੇ। ਤਿੰਨ ਸਾਲ ਲਗਾਤਾਰ ਲੋੜਵੰਦ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਪਹਿਲੀ ਜਮਾਤ ਤੋਂ ਲੈ ਕੇ ਉੱਪਰ ਤੱਕ ਵਜ਼ੀਫੇ 6, 7 ਅਤੇ 8 ਲੱਖ ਕ੍ਰਮਵਾਰ ਦਿੱਤੇ ਗਏ ਹਨ। ਤਕਰੀਬਨ ਕਿਸੇ ਵੀ ਵਿਦਿਆਰਥੀ ਨੂੰ ਵਜ਼ੀਫੇ ਦੇਣ ਤੋਂ ਵਾਂਝਾ ਨਹੀਂ ਰੱਖਿਆ ਗਿਆ ਭਾਵੇਂ ਉਸਦੇ ਨੰਬਰ ਘੱਟ ਵੀ ਸਨ ਅਤੇ ਖਾਸ ਕਰਕੇ ਪਹਿਲੀ ਵੇਰ ਪਹਿਲੀ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਨੂੰ ਵਜ਼ੀਫੇ ਦੇ ਕੇ ਫਾਊਂਡੇਸ਼ਨ ਦੇ ਨਾਲ ਜੋੜਿਆ ਗਿਆ ਹੈ। ਇਸੇ ਤਰ੍ਹਾਂ ਜਲੰਧਰ, ਕਪੂਰਥਲਾ ਅਤੇ ਕੈਂਥਲ ਦੇ ਗੁਰੂ ਘਰਾਂ ਨੂੰ ਮਾਇਕ ਸਹਾਇਤਾ ਫਾਊਂਡੇਸ਼ਨ ਵੱਲੋਂ ਦਿੱਤੀ ਗਈ। ਹਿਮਾਚਲ ਕੋਲਰ ਕਸਬੇ ਵਿਚ ਗੁਰੂ ਘਰ ਸਥਾਪਤ ਕਰਨ ਲਈ ਵਿਚਾਰ ਅਗਲੇ ਪੜਾਅ ਵਿਚ ਹੈ। ਕਈ ਲੋੜਵੰਦ ਪਰਿਵਾਰਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਮਾਇਕ ਸਹਾਇਤਾ ਸਮੇਂ-ਸਮੇਂ ਦਿੱਤੀ ਗਈ ਹੈ। ਪੜ੍ਹਾਈ ਵਾਸਤੇ ਬੱਚਿਆਂ ਨੂੰ ਠਹਿਰਨ ਲਈ ਬਹੁਤ ਘੱਟ ਰੇਟਾਂ ਤੇ ਰਿਹਾਇਸ਼ ਦਿੱਤੀ ਗਈ ਅਤੇ ਠਹਿਰਨ ਦੇ ਸਮੇਂ ਵਿਚ 7 ਤੋਂ 45 ਦਿਨਾਂ ਲਈ ਵਾਧਾ ਕਕੇ ਸੁਵਿਧਾ ਦਿੱਤੀ ਗਈ ਹੈ। ਕੁਝ ਗਰੀਬ ਲੋੜਵੰਦ ਬੱਚਿਆਂ ਨੂੰ ਮੁਫ਼ਤ ਰਿਹਾਇਸ਼ ਦੇ ਆਈ.ਏ. ਐਸ./ਪੀ.ਸੀ.ਐਸ. ਇਤਿਆਦਿ ਦੇ ਸਹਾਇਤਾ ਕੀਤੀ ਗਈ ਹੈ। ਹੋਰ ਕਿੱਤੇ ਦੇ ਯੋਗ ਬਨਾਉਣ ਲਈ ਸੈਂਟਰ ਖੋਲ੍ਹਣ ਲਈ ਇੰਟਰਨੈਸ਼ਨਲ ਸਿੱਖ ਕੰਨਫੇਡਰੇਸ਼ਨ, ਚੰਡੀਗੜ੍ਹ ਦੇ ਸਹਿਯੋਗ ਨਾਲ ਭਰਪੂਰ ਕੋਸ਼ਿਸ਼ ਕੀਤੀ ਤਾਂ ਜੋ ਪੇਂਡੂ ਵਿਦਿਆਰਥੀਆਂ ਨੂੰ ਸਹੀ ਪੜ੍ਹਾਈ ਅਤੇ ਟਰੇਨਿੰਗ ਦੇ ਕੇ ਚੰਗੇ ਕਿੱਤਿਆਂ ਯੋਗ ਬਣਾਇਆ ਜਾਵੇ। ਇਸ ਤੋਂ ਇਲਾਵਾ ਮੇਨ ਟਰਾਂਸਫਾਰਮਰ ਅਤੇ ਮੇਨ ਏ.ਸੀ. ਪਲਾਂਟ (60 ਟਨ) ਜੋ ਕਿ ਬਹੁਤ ਲੰਮੇ ਸਮੇਂ ਤੋਂ ਸਰਵਿਸ ਨਾ ਹੋਣ ਕਾਰਨ ਖਰਾਬੀ ਦੇ ਰਹੇ ਸਨ ਨੂੰ ਸਹੀ ਕਾਰੀਗਰਾਂ ਕੋਲ ਠੀਕ ਕਰਾਇਆ ਅਤੇ ਬਹੁਤ ਘੱਟ ਤੋਂ ਘੱਟ ਖਰਚ ਕਰਕੇ ਉਸਨੂੰ ਚੰਗੀ ਸਹੀ ਹਾਲਤ ਵਿਚ ਲਿਆਂਦਾ ਗਿਆ। ਏ.ਸੀ. ਦੀ ਸਹੀ ਵਰਤੋਂ, ਬਿਜਲੀ ਦੇ ਬਿੱਲ ਦੀ ਬੱਚਤ ਲਈ ਮੇਨ ਹਾਲ ਅਤੇ ਆਡੀਟੋਰੀਅਮ ਵਿਚ ਨਵੇਂ ਪੱਖੇ ਕਾਫੀ ਮਾਤਰਾ ਵਿਚ ਲਗਾਏ ਤਾਂ ਜੋ ਬੁਕਿੰਗ ਅਤੇ ਬਿਜਲੀ ਬੰਦ ਹੋਣ ਵੇਲੇ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ ਅਤੇ ਬਿਜਲੀ ਦਾ ਬਿੱਲ ਵੀ ਘੱਟ ਆਵੇ। ਭਵਨ ਦੇ ਦਫ਼ਤਰਾਂ ਲਈ ਨਵਾਂ ਫਰਨੀਚਰ, ਅਲਮਾਰੀਆਂ ਅਤੇ ਹੋਰ ਸਮੇਂ-ਸਮੇਂ ਨਵੀਨੀਕਰਨ ਕਰਕੇ ਸਾਰੀਆਂ ਬਿਲਡਿੰਗਾਂ ਦੀ ਜ਼ਰੂਰਤ ਮੁਤਾਬਿਕ ਦੇਖ-ਰੇਖ ਲਗਾਤਾਰ ਕੀਤੀ ਗਈ ਹੈ। ਭਵਨ ਦੇ ਬਾਹਰ ਚਾਰਦੀਵਾਰੀ/ਗੇਟਾਂ 'ਤੇ ਤਿੰਨ ਵਧੀਆ ਬਿਜਲੀ ਵਾਲੇ ਫਲੈਕਸ ਬੋਰਡ ਲਗਵਾਏ ਗਏ ਹਨ। ਗੇਟ ਉੱਤੇ ਵਰਦੀਧਾਰੀ ਸਕਿਉਰਿਟੀ ਸਟਾਫ਼ ਤਾਇਨਾਤ ਕੀਤਾ ਗਿਆ ਹੈ।

'ਲੁਬਾਣਾ ਸੇਵਕ' ਨੂੰ ਲਗਾਤਾਰ ਵਧੀਆ ਦਿੱਖ ਅਤੇ ਲਿਖਤ ਸਮੱਗਰੀ ਨਾਲ ਵਾਧਾ ਕੀਤਾ ਗਿਆ। 33 ਮਹੀਨਿਆਂ ਵਿਚ ਮਹੀਨਾਵਾਰ 'ਲੁਬਾਣਾ ਸੇਵਕ' ਮੈਗਜ਼ੀਨ 33 ਵਾਰ ਹੀ ਕੱਢਿਆ ਹੈ ਜਦੋਂ ਪਹਿਲਾਂ 39 ਮਹੀਨਿਆਂ 'ਚ ਸਿਰਫ 17 ਵਾਰ ਹੀ ਮਹੀਨਾਵਾਰ ਮੈਗਜ਼ੀਨ ਛਪਿਆ ਸੀ। ਲੁਬਾਣਾ ਸੇਵਕ ਦੀ ਮੈਂਬਰਸ਼ਿਪ ਵਿਚ ਤਕਰੀਬਨ 650 ਮੈਂਬਰਾਂ ਤੋਂ ਲੈ ਕੇ 850 ਮੈਂਬਰਾਂ ਤੱਕ ਵਾਧਾ 33 ਮਹੀਨਿਆਂ ਵਿਚ ਕੀਤਾ ਗਿਆ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਜੀਵਨ ਮੈਂਬਰ ਜੋ ਕਿ ਤਕਰੀਬਨ 2100 ਪਿਛਲੇ 42 ਸਾਲਾਂ ਵਿਚ ਬਣੇ ਸਨ, ਉਸ ਵਿਚ ਤਕਰੀਬਨ 1200 ਹੋਰ ਮੈਂਬਰਾਂ ਦਾ ਵਾਧਾ ਹੋਇਆ ਹੈ। ਇਸ ਸਭ ਕੁਝ ਮੈਂਬਰਾਂ ਅਤੇ ਬਿਰਾਦਰੀ ਦੇ ਮੇਲ ਜੋਲ ਅਤੇ ਚੰਗੀ ਸੂਝ-ਬੂਝ ਕਾਰਨ ਹੋਇਆ ਹੈ। ਭਵਨ ਵਿਖੇ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਕ੍ਰਮਵਾਰ ਬਰਸੀ ਅਤੇ 'ਗੁਰੂ ਲਾਧੋ ਰੇ' ਦੇ ਸਮਾਗਮਾਂ ਤੇ ਅੱਗੇ ਨਾਲੋਂ ਦੁੱਗਣਾ ਤਿਗਣਾ ਸੰਗਤਾਂ ਦਾ 700 ਤੋਂ 1100 ਤੱਕ ਦਾ ਇਕੱਠ ਹੁੰਦਾ ਰਿਹਾ ਹੈ ਜਿਸ ਵਿਚ ਹਰਿਆਣਾ ਦੀਆਂ ਸੰਗਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਮੌਕੇ ਵਿਸ਼ੇਸ਼ ਕਰਕੇ ਸਾਰੇ ਸਾਬਕਾ ਪ੍ਰਧਾਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ

ਇਕਜੁਟ ਹੋਣ ਦੀ ਭਾਵਨਾ ਨਾਲ ਦਾਸ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਸ਼ੀਸ ਮਾਰਗ ਦੀ ਯਾਤਰਾ ਸਾਲ 2015 ਵਿਚ ਭਵਨ ਰਾਹੀਂ ਲੰਗਰ ਅਤੇ ਗੁਰੂ ਘਰ ਹੋ ਕੇ ਗਈਆਂ ਜਿਸ ਵਿਚ ਸੰਗਤਾਂ ਦੀ ਪੁਰਜ਼ੋਰ ਸੇਵਾ ਕੀਤੀ ਗਈ। ਬਰਾਦਰੀ ਦੇ ਬਹੁਤੇ ਸਮਾਗਮਾਂ ਵਿਚ ਭਾਵੇਂ ਉਹ ਜਲੰਧਰ, ਅੰਬਾਲਾ, ਕੈਂਥਲ, ਨਰਾਇਣਗੜ੍ਹ, ਨਾਲਾਗੜ੍ਹ, ਪਿਹੋਵਾ, ਬੇਗੋਵਾਲ, ਨਡਾਲਾ ਅਤੇ ਹੋਰ ਕਈ ਸਥਾਨਾਂ ਤੇ ਹੋਏ ਜਾਤੀ ਤੌਰ ’ਤੇ ਭਵਨ ਦੇ ਚਾਹਵਾਨ ਮੈਂਬਰਾਂ ਨਾਲ ਹਾਜ਼ਰੀ ਭਰੀ ਗਈ ਹੈ।

ਕੁਝ ਫਾਊਂਡੇਸ਼ਨ ਦੇ ਮੋਹਤਬਰ ਮੈਂਬਰਾਂ ਅਤੇ ਸਾਬਕਾ ਪ੍ਰਧਾਨਾਂ ਨੇ ਵਿਚਾਰਾਂ ਉਪਰੰਤ ਫਾਊਂਡੇਸ਼ਨ ਦੇ ਸੰਵਿਧਾਨ ’ਚ ਜ਼ਰੂਰੀ ਸੋਧਾਂ ਕਰਨ ਲਈ ਭਰਪੂਰ ਕੋਸ਼ਿਸ਼ਾਂ ਕੀਤੀਆਂ। ਇਸ ਮੰਤਵ ਲਈ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕਰਕੇ ਤਿੰਨ ਮੀਟਿੰਗਾਂ ਉਪਰੰਤ ਚੇਅਰਮੈਨ ਵੱਲੋਂ ਖਰੜਾੰ ਤਆਰਕ ਿਤਾੰ ਗਆਅ ਤੇਕ ਾਰਜਕਾਰੀਕ ਮੇਟੀੰ ਵਚ ਚਰਚਾ ਉਪਰੰਤ ਦੋ ਵਾਰ ਪਾਸ ਵੀ ਕੀਤਾ ਗਿਆ ਹੈ। ਕੁਝ ਲੋਕਾਂ ਦੀ ਜ਼ਿਆਦਤੀ ਕਾਰਨ ਅਤੇ ਬਿਨਾਂ ਵਜ੍ਹਾ ਨਾ ਘੋਖ ਕੀਤੇ ਅਤੇ ਬਗੈਰ ਸੋਚੇ ਸਮਝੇ ਬਾਹਰਲੇ ਮੈਂਬਰ ਮੀਟਿੰਗਾਂ ਵਿਚ ਲਿਆਉਣ ਕਰਕੇ ਖਰੜਾ ਜਨਰਲ ਬਾਡੀ ਵਿਚ ਪੇਸ਼ ਨਹੀਂ ਹੋ ਸਕਿਆ। ਆਉਂਦੀ ਮੈਨੇਜਮੈਂਟ ਇਸ ਵਿਸ਼ੇ ਨੂੰ ਅੱਗੇ ਤੋਰ ਸਕਦੀ ਹੈ ਤਾਂ ਜੋ ਸੰਵਿਧਾਨ ਵਿਚ ਜੋ ਸਮੇਂ ਦੀ ਮੰਗ ਅਨੁਸਾਰ ਤਰੁਟੀਆਂ ਹਨ ਉਹਨਾਂ ਨੂੰ ਹੋਰ ਵਧੀਆ ਢੰਗ ਨਾਲ ਸੁਚਾਰ ਹੋ ਸਕੇ। ਫਾਊਂਡੇਸ਼ਨ ਦੀ ਵੈਬਸਾਈਟਾਂ ਪਿਛਲੇ ਕਈ ਸਮਿਆਂ ਤੋਂ ਬਨਾਉਣ ਦੇ ਉਪਰਾਲੇ ਕੀਤੇ ਗਏ ਪ੍ਰੰਤੂ ਮੈਂਬਰਾਂ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਅਤੇ ਵੈਬਸਾਈਟ ਬਨਾਉਣ ਵਾਲਿਆਂ ਵੱਲੋਂ ਕਾਫੀ ਪੈਸੇ ਲੈਣ ਤੇ ਵੀ ਚਾਲੂ ਨਹੀਂ ਹੋਈਆਂ। ਇਸ ਤਰ੍ਹਾਂ ਸਾਲ 2015 ਵਿਚ ਵੀ ਜਲੰਧਰ ਦੀ ਇਕ ਫਰਮ ਵੱਲੋਂ 48000 ਰੁਪਏ ਲੈਣ ਉਪਰੰਤ ਵੀ ਇਕ ਸਾਲ ਤੱਕ ਵੈਬਸਾਈਟ ਚਾਲੂ ਨਹੀਂ ਕੀਤੀ ਗਈ। ਪੈਰਵਾਈ ਕਰਨ ਤੇ ਉਹਨਾਂ ਵਲੋਂ 25000 ਹਜ਼ਾਰ ਦੀ ਹੋਰ ਮੰਗ ਕੀਤੀ ਗਈ ਸੀ ਅਤੇ ਸਾਲਾਨਾ ਖਰਚੇ ਦੀ ਇਸ ਤੋਂ ਉਪਰੋਕਤ ਵੀ ਮੰਗ ਕੀਤੀ ਗਈ ਸੀ। ਕਾਰਜਕਾਰੀ ਕਮੇਟੀ ਨੇ ਇਸ ਵਿਸ਼ੇ ਤੇ ਉਸ ਕੰਪਨੀ ਨਾਲ ਅੱਗੇ ਤੋਂ ਕਾਰਵਾਈ ਬੰਦ ਕਰਨ ਲਈ ਸਹਿਮਤੀ ਦਿੱਤੀ ਅਤੇ 48000 ਰੁਪਏ ਦਾ ਖਰਚਾ ਮੈਂਬਰਾਂ ਦੇ ਕਹਿਣ ਤੇ ਛੱਡ ਦਿੱਤਾ (right off) ਗਿਆ। ਫਿਰ ਨਵੀਂ ਵੈਬਸਾਈਟ ਨੂੰ ਸਿਰਫ਼ 15 ਤੋਂ 20 ਦਿਨਾਂ ਵਿਚ ਸਿਰਫ਼ 13000 ਰੁਪਏ ਦੇ ਖਰਚੇ ਨਾਲ ਸਹੀ ਚਾਲੂ ਕੀਤਾ ਗਿਆ ਜੋ ਕਿ ਬਿਨਾਂ ਕਿਸੇ ਰੁਕਾਵਟ ਦੇ ਭਵਨ ਦੀ ਟਾਈਪਿਸਟ ਵੱਲੋਂ ਇਕ ਸਾਲ ਤੋਂ ਵੱਧ ਸਮੇਂ ਤੋਂ ਚਲਾਈ ਜਾ ਰਹੀ ਹੈ ਅਤੇ ਦੇਖਣ ਵਾਲਿਆਂ ਵਾਸਤੇ ਮੁਫ਼ਤ ਹੈ। ਇਸ ਵਿਚ ਭਵਨ ਦੀਆਂ ਸਹੂਲਤਾਂ, ਮੈਂਬਰਾਂ ਦੀ ਸੂਚੀ, ‘ਲੁਬਾਣਾ ਸੇਵਕ’ ਦੀ ਮਹੀਨਾਵਾਰ ਮੈਗਜ਼ੀਨ 12 ਮਹੀਨਿਆਂ ਦਾ ਉਪਲੱਬਧ ਰਹਿੰਦਾ ਹੈ। ਇਸ ਤਰ੍ਹਾਂ ਬਹੁਤ ਹੀ ਛੋਟੇ-ਛੋਟੇ ਕੰਮ ਮੈਂਬਰਾਂ ਅਤੇ ਸਮੇਂ ਦੀ ਮੰਗ ਮੁਤਾਬਿਕ ਕੀਤੇ ਜਾਂਦੇ ਰਹੇ ਹਨ। ਜਿਸ ਵਿਚ ਗੁਰੂ ਘਰ ਦਾ ਅਤੇ ਮੇਨ ਹਾਲ ਦਾ ਸਾਰਾ ਸਾਊਂਡ ਸਿਸਟਮ ਦਾ ਨਵੀਨੀਕਰਨ, ਸੀ.ਸੀ.ਟੀ.ਵੀ. ਕੈਮਰੇ ਲਗਾਉਣ, ਬੁਕਿੰਗ ਦੇ ਸਿਸਟਮ ਵਿਚ ਸੁਧਾਰ ਇਤਿਆਦਿ ਵੀ ਹਨ।

ਪਿਛਲੇ ਸਮਿਆਂ ਵਿਚ ਪੈਸੇ ਦੀ ਘਾਟ ਕਾਰਨ ‘ਲੁਬਾਣਾ ਸੇਵਕ’ ਮੈਗਜ਼ੀਨ ਦੋ (2) ਵਾਰੀ ਕਾਫੀ ਸਮੇਂ ਲਈ ਬੰਦ ਕਰਨਾ ਪਿਆ ਸੀ। ਇਸ ਵਾਰੀ ਇਹ ਸੋਚਿਆ ਗਿਆ ਕਿ ‘ਲੁਬਾਣਾ ਸੇਵਕ’ ਦੀ ਪ੍ਰਕਾਸ਼ਨਾ ਅੱਗੋਂ ਤੋਂ ਕਦੀ ਵੀ ਬੰਦ ਨਾ ਹੋਵੇ ਇਸ ਲਈ ਪੱਕਾ ਫਾਊਂਡੇਸ਼ਨ ਫੰਡ ਬਣਾ ਦਿੱਤਾ ਗਿਆ ਹੈ ਜਿਸ ਵਿਚ ਤਜਵੀਜ਼ ਸੀ ਕਿ 35 ਤੋਂ 40 ਲੱਖ ਰੁਪਏ ਦੀ ਸਥਾਈ ਰਾਸ਼ੀ ਜਮ੍ਹਾ ਕੀਤੀ ਜਾਵੇ ਅਤੇ ‘ਲੁਬਾਣਾ ਸੇਵਕ’ ਇਸ ਰਾਸ਼ੀ ਦੇ ਵਿਆਜ਼ ਨਾਲ ਹੀ ਚਲਦਾ ਰਹੇ। ਹੁਣ ਤੱਕ ਇਸ ਸਥਾਈ ਫੰਡ ਵਿਚ 16 ਲੱਖ ਰੁਪਏ ਜਮ੍ਹਾ ਹੋ ਚੁੱਕੇ ਹਨ। ਇਸੇ ਤਰ੍ਹਾਂ ਐਜੂਕੇਸ਼ਨ ਫੰਡ ਵਿਚ ਸਥਾਈ ਤੌਰ ’ਤੇ 36 ਲੱਖ ਰੁਪਏ ਜਮ੍ਹਾ ਕੀਤੇ ਗਏ ਅਤੇ ਟੀਚਾ ਇਕ ਕਰੋੜ ਰੁਪਏ ਦਾ ਮਿਥਿਆ ਗਿਆ ਹੈ ਤਾਂਕਿ ਯੋਗ ਪੜ੍ਹਾਈ, ਸਿਖਲਾਈ ਅਤੇ ਟਰੇਨਿੰਗ ਲਈ ਇਸ ਦੇ ਵਿਆਜ਼ ਨੂੰ ਉਪਯੋਗ ਕਰਕੇ ਹਰ ਸਾਲ 8 ਤੋਂ 10 ਲੱਖ ਰੁਪਏ (ਵਿਆਜ਼) ਨਾਲ ਹੀ ਕੰਮ ਚੱਲ ਸਕੇ। ਇਹ ਮੱਤੇ ਕਾਰਜਕਾਰੀ ਕਮੇਟੀ ਨੇ ਪਾਸੇ ਕੀਤੇ ਹੋਏ ਹਨ।

ਮੇਰੇ ਇਸ ਸਮੇਂ ਵਿਚ ਫਾਊਂਡੇਸ਼ਨ ਦੀ ਕਾਰਗੁਜ਼ਾਰੀ ਹੋਰ ਵੀ ਬਿਹਤਰ ਹੋ ਸਕਦੀ ਸੀ ਪ੍ਰੰਤੂ ਪਾਰਟੀਬਾਜ਼ੀ ਅਤੇ ਹੋਰ ਬਿਨਾਂ ਵਜ੍ਹਾ ਰੁਕਾਵਟਾਂ ਕਾਰਨ ਭਾਵੇਂ ਕੋਈ ਵੀ ਵਰਕਿੰਗ ਅਤੇ ਕਾਰਜਕਾਰੀ ਕਮੇਟੀ ਰੱਦ ਨਹੀਂ ਕੀਤੀ ਗਈ ਪਰ ਸਮਾਂ ਅਤੇ ਮਾਹੌਲ ਖਰਾਬ ਕਰਨ ਦੀ ਬਹੁਤ ਕੋਸ਼ਿਸ਼ ਸਿਰਫ਼ ਤੇ ਸਿਰਫ਼ ਕੁਝ ਚੋਣਵੇਂ ਚਾਰ-ਪੰਜ ਮੈਂਬਰਾਂ ਵੱਲੋਂ ਅਣਅਧਿਕਾਰਤ ਤੌਰ ’ਤੇ ਆਪਣੇ ਮਨਸੂਬਿਆਂ ਨੂੰ ਹਵਾ ਦੇਣ ਲਈ ਕੀਤੀਆਂਗ ਈਆਂਹ ਨ ਭ ਾਵੇਂੰ ਕਸ ਭਪ ੱਖਾਂਨੂੰ ਨ ਾਲਲ ੈਕ ੇ ਇਕਜੁੱਟਤਾ ਲਈ ਪੁਰਜ਼ੋਰ ਕੋਸ਼ਿਸ਼ਾਂ ਹਰ ਸਮੇਂ ਕੀਤੀਆਂ ਗਈਆਂ ਹਨ, ਪ੍ਰੰਤੂ ਕੁਝ ਪਰਿਵਾਰਿਕ ਅਤੇ ਗੁੱਟਬਾਜ਼ੀ ਨੇ ਵਿਪਰੀਤ ਕੋਸ਼ਿਸ਼ਾਂ ਨੂੰ ਬਲ ਦਿੱਤਾ। ਇਸ ਕਰਕੇ **“ਕਵਨੁ ਕਵਨੁ ਨਹੀ ਪਤਰਿਆ ਤੁਮਰੀ ਪਰਤੀਤ ॥ ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥”** ਸੋ ਪਰਮ ਪਿਤਾ ਪਰਮਾਤਮਾ ਪਾਸ ਬੇਨਤੀ ਅਰਦਾਸ ਹੈ ਕਿ **“ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ। ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ ॥”** ਇਸੇ ਤਰ੍ਹਾਂ ਹੀ **“ਜਿਨੁ ਮਨਿ ਹੋਰ, ਮੁਖਿ ਹੋਰ ਸਿ ਕਾਂਢੇ ਕਚਿਆ ॥”** ਦਾ ਪਸਾਰਾ ਵੀ ਬਾਬਾ ਫਰੀਦ ਜੀ ਦੀ ਦ੍ਰਿਸ਼ਟੀ ਵਿਚ ਕੱਚਾ ਹੈ। ਸਭ ਕੁਝ ਕਰ ਕਰਾ ਕੇ ਇਸ ਸਿੱਟੇ ’ਤੇ ਪਹੁੰਚਿਆ ਹਾਂ ਕਿ ਗੁਰੂ ਸਾਹਿਬਾਂ ਜੀ ਦੀ ਕ੍ਰਿਪਾ ਸਦਕਾ ਹੀ **“ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥”**

ਅੰਤ ਵਿਚ ਇਸ ਮੌਕੇ ਮੈਂ ਨਵੀਂ ਕਮੇਟੀ ਅਤੇ ਅਹੁਦੇਦਾਰਾਂ ਤੋਂ ਆਸ ਰੱਖਦਾ ਹਾਂ ਕਿ ਉਹ ਵੀ ਫਾਊਂਡੇਸ਼ਨ, ਬਿਰਾਦਰੀ ਅਤੇ ਸਮਾਜ ਲਈ ਇਸ ਤੋਂ ਵੀ ਵਧੇਰੇ ਲਾਹੇਵੰਦ ਸਾਬਤ ਹੋਣ ਕਿਉਂਕਿ ਇਹ ਉਹਨਾਂ ਸਭਨਾਂ ਲਈ ਚੁਣੌਤੀ ਭਰੇ ਟੀਚੇ ਹਨ। ਸਮੂਹ ਮੈਂਬਰਾਂ ਦਾ ਸਹਿਯੋਗ ਦੇਣ ਲਈ ਧੰਨਵਾਦ।

# Gurudwara Yaadgar Baba Lakhi Shah Lubana (Vanjara) at Saraswati Khera (Bhattmajra Colony) Pehowa on 02.04.2017 at Akhand Path Bhog & Kirtan on the eve of starting foundation ceremony of building.













On the occasion of 'MASSIA' on 28.03.2017 monthly Gurbani programme at Kila 'Raipur -Ki- Rani, Tehsil-Naraingarh District-Ambala reciting poetic version of Shahidi of Guru Gobind Ji De Sahibzada Baba Zorawar Singh & Baba Fateh Singh depicting continuity through poertry all events Ska-a-Sirhind.Teacher Smt.Balwinder Kaur of Bari Sahib institution prepared group of school boys &a girls









**S. Gurcharan Singh, President, is honouring children for their encouragement with S. Gurpal Singh. Chairman the organiser.**







**Congratulation to S. Pargat Singh MLA elected in recent election from Jalandhar Cantt. S. Bhagwan Singh Lobana Secretary & Editor Lobana Sewak of Baba Makhan Shah Lobana Foundation (Regd.) Chandigarh is felicitating on his victory**



## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਖ਼ੂਬਸੂਰਤ ਦ੍ਰਿਸ਼






# ਪੰਜਾਬ ਨੂੰ ਬੌਧਿਕ ਤੌਰ 'ਤੇ ਮਜ਼ਬੂਤ ਕਰਨ ਦੀ ਲੋੜ

ਪਿਆਰਾ ਸਿੰਘ ਭੋਗਲ

**"ਅਸੀਂ ਵਾਰ-ਵਾਰ ਲਿਖਿਆ ਹੈ ਕਿ ਪੰਜਾਬ ਵਿਚ ਬਾਹੂ ਬਲ ਹੈ, ਬੁੱਧ-ਬਲ ਵੀ ਹੈ ਪਰ ਸੀਮਤ ਹੈ। ਪੰਜਾਬ ਵਿਚ ਨਵਾਂ ਬੁੱਧ-ਬਲ ਪੈਦਾ ਕਰਨ ਦੀ ਲਹਿਰ ਪੈਦਾ ਹੋਵੇ। ਇਹ ਲਹਿਰ ਪੰਜਾਬੀ ਮਾਧਿਅਮ ਵਾਲੇ ਉਹ ਸਕੂਲ ਪੈਦਾ ਕਰਨਗੇ ਜੋ ਧਰਤੀ ਨਾਲ ਜੁੜੇ ਹੋਣ। ਉਹ ਅਧਿਆਪਕ ਇਹ ਲਹਿਰ ਪੈਦਾ ਕਰਨਗੇ ਜੋ ਪੰਜਾਬੀ ਬੱਚਿਆਂ ਨੂੰ ਦਰਦ ਅਤੇ ਯੋਗਤਾ ਨਾਲ ਪੜ੍ਹਾਉਣ ਤੇ ਨਾਲ-ਨਾਲ ਪੰਜਾਬ ਦੀਆਂ ਘਾਟਾਂ ਨੂੰ ਸਮਝਣ। ਪੰਜਾਬ ਦੀਆਂ ਮੁਸ਼ਕਿਲਾਂ ਅਤੇ ਲੋੜਾਂ ਕਿਸੇ ਹੋਰ ਨੇ ਹੱਲ ਨਹੀਂ ਕਰਨੀਆਂ। ਸਿਆਣੇ ਤੇ ਸੋਚਵਾਨ ਪੰਜਾਬੀ ਆਪ ਹੀ ਸਮੱਸਿਆਵਾਂ ਦਾ ਹੱਲ ਲੱਭਣਗੇ। ਹੱਲ ਨੇੜੇ ਹੀ ਹਨ। ਯਤਨ ਤੇ ਉੱਦਮ ਦੀ ਲੋੜ ਹੈ?"**

ਆਧੁਨਿਕ ਯੁੱਗ ਬੁੱਧ-ਬਲ ਦਾ ਯੁੱਗ ਹੈ। ਅਕਲ ਦੀ ਸਰਦਾਰੀ ਦਾ ਜ਼ਮਾਨਾ। ਪੁਰਾਣਾ ਜ਼ਮਾਨਾ ਬਾਹੂ-ਬਲ ਦਾ ਸਮਾਂ ਸੀ। ਉਦੋਂ ਤਲਵਾਰ ਉਠਾ ਕੇ ਬਹਾਦਰੀ ਤੇ ਬਾਹੂ-ਬਲ ਨਾਲ ਲੜਿਆ ਜਾਂਦਾ ਸੀ। 1845-46 ਦੇ ਪਹਿਲੇ ਐਂਗਲੋ-ਸਿੱਖ ਯੁੱਧ ਵਿਚ ਪੰਜਾਬੀ ਸੈਨਿਕ ਬਹੁਤ ਤਾਕਤ ਤੇ ਬਹਾਦਰੀ ਨਾਲ ਲੜੇ ਸਨ, ਪਰ ਹਾਰ ਗਏ ਸਨ। ਸੱਤ ਸਮੁੰਦਰੋਂ ਪਾਰ ਆ ਕੇ ਲੜੇ ਅੰਗਰੇਜ਼ ਜਿੱਤ ਗਏ ਸਨ। ਹਾਰ ਜਿੱਤ ਦੇ ਕਾਰਨ ਹੋਰ ਵੀ ਸਨ, ਪਰ ਇਕ ਵੱਡਾ ਕਾਰਨ ਅੰਗਰੇਜ਼ਾਂ ਦਾ ਬੁੱਧ-ਬਲ ਸੀ। ਉਹ ਪੜ੍ਹੀ-ਲਿਖੀ ਕੌਮ ਸੀ। ਅੰਗਰੇਜ਼ਾਂ ਦਾ ਉਸ ਜ਼ਮਾਨੇ ਦਾ ਗਵਰਨਰ-ਜਨਰਲ ਲਾਰਡ ਹਾਰਡਿੰਗ ਪੜ੍ਹਿਆ-ਲਿਖਿਆ ਜਰਨੈਲ ਸੀ। ਉਸ ਦੀਆਂ ਯੁੱਧ ਵੇਲੇ ਦੀਆਂ ਲਿਖੀਆਂ ਲਿਖਤਾਂ ਹੁਣ ਵੀ ਮਿਲਦੀਆਂ ਹਨ। ਪੰਜਾਬ ਜਿੱਤ ਕੇ ਉਹ ਬਹੁਤ ਛੇਤੀ ਪੰਜਾਬੀਆਂ ਨੂੰ ਆਪਣੀ ਤਾਬਿਆ ਵਿਚ ਕਰਨ ਅਤੇ ਆਪਣੀਆਂ ਹੋਰ ਕਾਲੋਨੀਆਂ ਵਿਚ ਉਨ੍ਹਾਂ ਦੀ ਫ਼ੌਜੀ ਤਾਕਤ ਵਰਤਣ ਵਿਚ ਸਫ਼ਲ ਹੋ ਗਏ ਸਨ।



ਪੰਜਾਬ ਵਿਚ ਆ ਕੇ ਉਨ੍ਹਾਂ ਨੇ ਸਕੂਲ, ਕਾਲਜ ਖੋਲ੍ਹੇ ਪਰ ਸਿੱਖਿਆ ਦਾ ਮਾਧਿਅਮ ਆਪਣੇ ਦੇਸ਼ ਵਿਚ ਅਜ਼ਮਾਈ ਨੀਤੀ ਮੁਤਾਬਿਕ ਨਹੀਂ ਰੱਖਿਆ। ਉਨ੍ਹਾਂ ਦੇ ਆਪਣੇ ਦੇਸ਼ ਵਿਚ ਪੜ੍ਹਾਈ ਦਾ ਮਾਧਿਅਮ ਮਾਂ-ਬੋਲੀ ਸੀ। ਹੁਣ ਵੀ ਮਾਂ-ਬੋਲੀ ਹੀ ਹੈ। ਪਰ ਇਥੇ ਇਹ ਸਿਧਾਂਤ ਤਿਆਗ ਕੇ ਆਪਣੇ ਰਾਜ ਦੀ ਜ਼ਰੂਰਤ ਮੁਤਾਬਿਕ ਮਾਧਿਅਮ ਚੁਣੇ। ਮੁੱਖ ਮਾਧਿਅਮ ਅੰਗਰੇਜ਼ੀ ਨੂੰ ਬਣਾਇਆ, ਹਾਲਾਂਕਿ ਅੰਗਰੇਜ਼ੀ ਭਾਰਤ ਦੇ ਕਿਸੇ ਖਿੱਤੇ ਦੀ ਮਾਂ-ਬੋਲੀ ਨਹੀਂ। ਪੰਜਾਬ ਵਿਚ ਦੂਜਾ ਮਾਧਿਅਮ ਉਰਦੂ ਨੂੰ ਬਣਾਇਆ। ਇਹ ਵੀ ਪੰਜਾਬੀਆਂ ਦੀ ਮਾਂ-ਬੋਲੀ ਨਹੀਂ। ਇਸ ਨੀਤੀ ਦਾ ਪੂਰੇ ਪੰਜਾਬ ਨੂੰ ਨੁਕਸਾਨ ਹੋਇਆ। ਅੱਜ ਵੀ ਦੋਵਾਂ ਪੰਜਾਬਾਂ ਵਿਚ ਮਾਂ-ਬੋਲੀ ਪੰਜਾਬੀ ਮਤੇਰ-ਮਾਂ ਦਾ ਦੁੱਖ ਸਹਾਰ ਰਹੀ ਹੈ। ਨਤੀਜਾ ਇਹ ਹੈ, ਦੋਵਾਂ ਪੰਜਾਬਾਂ ਵਿਚ ਪੰਜਾਬੀ ਲੋਕ ਪੜ੍ਹਨਾ-ਲਿਖਣਾ ਸਿੱਖ ਕੇ ਵੀ, ਬੁੱਧ ਬਲ ਵਿਚ ਕਮਜ਼ੋਰ ਹਨ।

ਪੂਰਬੀ ਪੰਜਾਬ ਵਿਚ ਹੁਣ ਸਾਖਰ ਦਰ 65-70 ਫ਼ੀਸਦੀ ਹੈ, ਤਾਂ ਵੀ ਪੰਜਾਬੀ ਲੋਕਾਂ ਦਾ ਬੁੱਧ ਬਲ ਦੂਜੇ ਤੀਜੇ ਦਰਜੇ ਦਾ ਹੈ। ਪਹਿਲੇ ਦਰਜੇ ਦਾ ਬਿਲਕੁਲ ਨਹੀਂ। ਇਹੋ ਕਾਰਨ ਹੈ, ਪੰਜਾਬੀ ਲੋਕ ਭਾਵੇਂ ਵੱਡੀ ਗਿਣਤੀ ਵਿਚ ਡਾਕਟਰ, ਇੰਜੀਨੀਅਰ, ਖੇਤੀ ਵਿਗਿਆਨੀ, ਸਮਾਜ-ਵਿਗਿਆਨੀ ਅਤੇ ਅਰਥ ਵਿਗਿਆਨੀ ਬਣ ਗਏ ਹਨ। ਪ੍ਰਾਧਿਆਪਕ, ਅਧਿਆਪਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਣ ਗਏ

ਹਨ ਪਰ ਮੌਲਿਕ-ਚਿੰਤਕ, ਮੌਲਿਕ-ਖੋਜੀ ਅਤੇ ਦਾਰਸ਼ਨਿਕ ਨਹੀਂ ਬਣੇ। ਪੰਜਾਬ ਵਿਚ ਯੂਨੀਵਰਸਿਟੀਆਂ ਧੜਾਧੜ ਖੁੱਲ੍ਹੀਆਂ ਹਨ। ਰਾਜਨੀਤੀ ਵਿਚ ਹਜ਼ਾਰਾਂ ਨੌਜਵਾਨ ਪ੍ਰਵੇਸ਼ ਕਰ ਗਏ ਹਨ, ਪਰ ਬਹੁਤ ਅਕਲਮੰਦ, ਧਰਤੀ ਨਾਲ ਜੁੜੇ, ਪੰਜਾਬੀਆਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਵਾਲੀਆਂ ਨੀਤੀਆਂ ਪੇਸ਼ ਕਰਨ ਵਾਲੇ ਨਵੇਂ ਨੇਤਾ ਬਿਲਕੁਲ ਨਹੀਂ ਉੱਭਰ ਰਹੇ। ਪੰਜਾਬ ਵਿਚ ਫਿਲਾਸਫਰ ਪੈਦਾ ਹੀ ਨਹੀਂ ਹੋ ਰਹੇ।

ਲੱਖਾਂ ਅਧਿਆਪਕ ਅਤੇ ਪ੍ਰਾਧਿਆਪਕ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾ ਰਹੇ ਹਨ। ਸਰਕਾਰੀ ਸਕੂਲਾਂ ਵਿਚ ਉਨ੍ਹਾਂ ਨੂੰ ਤਨਖਾਹਾਂ ਵੀ ਉੱਚੀਆਂ ਮਿਲ ਰਹੀਆਂ ਹਨ। ਫਿਰ ਵੀ ਸਰਕਾਰੀ ਸਕੂਲਾਂ ਦਾ ਸਿੱਖਿਆ-ਢਾਂਚਾ ਲੜਖੜਾ ਗਿਆ ਸੀ। ਕੋਈ ਖਾਂਦਾ-ਪੀਂਦਾ ਮਾਂ-ਬਾਪ ਆਪਣਾ ਧੀ-ਪੁੱਤ ਇਨ੍ਹਾਂ ਸਰਕਾਰੀ ਸਕੂਲਾਂ ਵਿਚ ਪੜ੍ਹਾ ਕੇ ਰਾਜ਼ੀ ਨਹੀਂ। ਦੋਸ਼ ਹੋਰ ਧਿਰਾਂ ਦਾ ਵੀ ਹੈ ਪਰ ਮੁੱਖ ਦੋਸ਼ ਅਧਿਆਪਕਾਂ ਦਾ ਆਪਣਾ ਹੈ। ਉਨ੍ਹਾਂ ਵਿਚ ਦੋ ਵੱਡੀਆਂ ਕਮਜ਼ੋਰੀਆਂ ਹਨ। ਪਹਿਲੀ ਹੈ ਪ੍ਰਤੀਬੱਧਤਾ ਦੀ ਘਾਟ। ਦੂਜੀ ਤੇ ਵੱਡੀ ਕਮਜ਼ੋਰੀ ਹੈ ਦਰਦ ਦੀ ਘਾਟ। ਅਧਿਆਪਕ ਸ਼੍ਰੇਣੀ ਦਲੀਲ ਦਿੰਦੀ ਹੈ, ਇਨ੍ਹਾਂ ਸਕੂਲਾਂ ਵਿਚ ਗਰੀਬ ਤੇ ਅਨਪੜ੍ਹ ਮਾਪਿਆਂ ਦੇ ਬੱਚੇ ਪੜ੍ਹਨ ਆਉਂਦੇ ਹਨ। ਉਨ੍ਹਾਂ ਦਾ ਆਪਣਾ ਬੌਧਿਕ-ਪੱਧਰ ਨੀਵਾਂ ਹੈ। ਉਨ੍ਹਾਂ ਦੇ ਬੱਚੇ ਮੰਦ-ਬੁੱਧ ਹਨ। ਇਹ ਬਹੁਤ ਘਟੀਆ ਦਲੀਲ ਹੈ। ਸਾਡੇ ਵਿਚੋਂ ਬਹੁਤੇ ਲੋਕ ਅਨਪੜ੍ਹ ਮਾਪਿਆਂ ਦੇ ਧੀ-ਪੁੱਤ ਸਨ। ਅਸੀਂ ਉਰਦੂ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹੇ। ਸਾਡੇ ਪ੍ਰਾਇਮਰੀ ਜਮਾਤਾਂ ਦੇ ਅਧਿਆਪਕ ਆਪ ਮੈਟ੍ਰਿਕ ਪਾਸ ਵੀ ਨਹੀਂ ਸਨ। ਛੇ-ਛੇ ਜਮਾਤਾਂ ਹੀ ਪਾਸ ਸਨ। ਪਰ ਉਨ੍ਹਾਂ ਨੂੰ ਪੜ੍ਹਾਉਣ ਦਾ ਸ਼ੌਕ ਸੀ। ਉਨ੍ਹਾਂ ਦੀਆਂ ਤਨਖਾਹਾਂ ਵੀ ਥੋੜ੍ਹੀਆਂ ਸਨ ਤਾਂ ਵੀ ਅਸੀਂ ਪੜ੍ਹ ਗਏ। ਅੱਜ ਦੇ ਸਰਕਾਰੀ ਸਕੂਲਾਂ ਦੇ ਬੱਚੇ ਵੀ ਪੜ੍ਹ ਸਕਦੇ ਹਨ। ਪੜ੍ਹ ਕੇ ਉਹ ਸਾਰੇ ਬੁੱਧੀਮਾਨ ਨਹੀਂ ਬਣਨਗੇ। ਸਾਰੇ ਵਿਦਿਆਰਥੀ ਕਦੇ ਵੀ ਇਕੋ ਜਿਹੇ ਬੁੱਧੀਮਾਨ ਨਹੀਂ ਹੁੰਦੇ। ਮਹਿੰਗੇ ਸਕੂਲਾਂ ਦੇ ਵੀ ਸਾਰੇ ਬੱਚੇ ਇਕੋ ਜਿਹੇ ਬੌਧਿਕ-ਪੱਧਰ ਦੇ ਨਹੀਂ ਹੁੰਦੇ। ਪਰ ਉਹ ਪੜ੍ਹ ਜਾਂਦੇ ਹਨ। ਇਉਂ ਹੀ ਸਰਕਾਰੀ ਸਕੂਲਾਂ ਦੀ ਬਦਨਾਮੀ ਧੋਤੀ ਜਾਣੀ ਚਾਹੀਦੀ ਹੈ। ਉਹ ਸਿੱਖਿਆ ਦਾ ਮਿਆਰ ਸੁਧਾਰਨ। ਵੱਧ ਤੋਂ ਵੱਧ ਬੱਚਿਆਂ ਦਾ ਮਨ ਪੜ੍ਹਾਈ ਨਾਲ ਜੋੜਨ। ਪੰਜਾਬ ਦੀ ਤਰੱਕੀ ਲਈ ਇਹ ਬਹੁਤ ਜ਼ਰੂਰੀ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਬੱਚਿਆਂ ਦੀ ਵੱਡੀ ਬਹੁਗਿਣਤੀ ਸਰਕਾਰੀ ਸਕੂਲਾਂ ਵਿਚ ਹੀ ਪੜ੍ਹੇਗੀ। ਮਹਿੰਗੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਘੱਟ ਗਿਣਤੀ ਹੀ ਪੜ੍ਹੇਗੀ। ਇਸ ਲਈ ਪੰਜਾਬ ਵਿਚ ਸਾਖਰਤਾ ਦਰ ਸੌ ਫ਼ੀਸਦੀ ਕਰਨ ਲਈ ਸਰਕਾਰੀ ਸਕੂਲ ਆਪਣਾ ਫਰਜ਼ ਪਛਾਨਣ। ਆਪਣੀ ਪ੍ਰਸਿੱਧਤਾ ਅਤੇ ਕੁਸ਼ਲਤਾ ਚਮਕਾਉਣ।ਜ ੇਸ ਰਕਾਰੀਸ ਕੂਲਾਂਦ ਾਢ ਾਂਚਾਪ ੰਜਾਬੀਸ ਮਾਜਦ ੀ ਬਿਹਤਰੀ ਦੇ ਮਿਸ਼ਨ ਨਾਲ ਜੁੜੇ ਤਾਂ ਹੀ ਸਮੁੱਚੇ ਸਮਾਜ ਦਾ ਬੁੱਧ-ਬਲ ਵਧੇਗਾ। ਸਰਕਾਰੀ ਸਕੂਲਾਂ ਦੀ ਕਮਜ਼ੋਰੀ ਦਾ ਇਕ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਰਿਹਾ ਕਿ ਪੰਜਵੀਂ ਤੇ ਅੱਠਵੀਂ ਜਮਾਤ ਦੇ ਇਮਤਿਹਾਨ ਲੈਣ ਦਾ ਸਿਲਸਿਲਾ ਬੰਦ ਹੋ ਗਿਆ ਸੀ, ਹੁਣ ਇਹ ਇਮਤਿਹਾਨ ਫਿਰ ਸ਼ੁਰੂ ਹੋ ਗਏ ਹਨ। ਅੱਗੋਂ ਵਾਸਤੇ ਸਰਕਾਰੀ ਸਕੂਲਾਂ ਦੀ ਅਧਿਆਪਕ ਸ਼੍ਰੇਣੀ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ।

ਅੰਗਰੇਜ਼ੀ ਮਾਧਿਅਮ ਵਾਲੇ ਮਹਿੰਗੇ ਸਕੂਲਾਂ ਦੀ ਸਿੱਖਿਆ ਦੇ ਮਿਆਰ ਬਾਰੇ ਵੀ ਭੁਲੇਖੇ ਹਨ। ਇਨ੍ਹਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਥੋੜ੍ਹੀਆਂ ਹਨ। ਤਾਂ ਵੀ ਇਨ੍ਹਾਂ ਦੇ ਮਾਲਕ ਪ੍ਰਬੰਧਕ ਅਧਿਆਪਕਾਂ ਤੋਂ ਕੰਮ ਬਹੁਤੇ ਲੈਂਦੇ ਹਨ। ਕੰਮ ਚੋਰੀ ਨਹੀਂ ਕਰਨ ਦਿੰਦੇ। ਬੱਚੇ ਚਾਹੇ ਲਾਇਕ ਹਨ ਜਾਂ ਨਾਲਾਇਕ, ਉਨ੍ਹਾਂ ਨੂੰ ਪੜ੍ਹਾਉਣਾ ਹੀ ਪੈਂਦਾ ਹੈ। ਇਨ੍ਹਾਂ ਵਿਚੋਂ ਜੋ ਬੁੱਧੀਮਾਨ ਬੱਚੇ ਹਨ, ਪੜ੍ਹਨ ਲਈ ਲਾਇਕ ਹਨ, ਉਹ ਤਾਂ ਉੱਚੀ ਪੜ੍ਹਾਈ ਕਰਕੇ ਡਾਕਟਰ, ਇੰਜੀਨੀਅਰ ਤੇ ਪ੍ਰਸ਼ਾਸਨਿਕ ਅਧਿਕਾਰੀ ਬਣ ਜਾਂਦੇ ਹਨ ਪਰ ਬਾਕੀ ਭਾਰੀ ਬਹੁਗਿਣਤੀ ਸਵੈ-ਰੁਜ਼ਗਾਰ ਵਿਚ ਵਿਅਸਤ ਹੁੰਦੀ ਹੈ। ਸਿਰਫ਼ ਇਕ ਗੁਣ ਇਨ੍ਹਾਂ ਸਾਰੇ ਸਿਖਿਆਰਥੀਆਂ ਵਿਚ ਸਾਂਝਾ ਹੁੰਦਾ ਹੈ। ਇਹ ਸਵੈ-ਵਿਸ਼ਵਾਸ ਤੇ ਸਵੈ-ਸਨਮਾਨ ਨਾਲ ਭਰਪੂਰ ਹੁੰਦੇ ਹਨ। ਸਰਕਾਰੀ ਸਕੂਲਾਂ ਦੇ ਗਰੀਬ ਬੱਚਿਆਂ ਵਿਚ ਜੋ ਹੀਣਭਾਵਨਾ ਹੁੰਦੀ ਹੈ, ਮਹਿੰਗੇ ਸਕੂਲਾਂ ਦੇ ਬੱਚੇ ਉਸ ਤੋਂ ਬਚੇ ਰਹਿੰਦੇ ਹਨ। ਹੀਣ-ਭਾਵਨਾ ਬਹੁਤ ਮਾਰੂ ਰੋਗ ਹੈ। ਇਨਸਾਨ ਵਿਚ ਭਾਵਨਾ ਇਹ ਹੋਣੀ ਚਾਹੀਦੀ ਹੈ ਕਿ ਮੈਂ ਆਪਣੀ ਤਕਦੀਰ ਆਪ ਘੜਨੀ ਹੈ, ਤੇ ਆਪਣੇ ਹਾਲਾਤ ਬਦਲਣੇ ਹਨ।

ਪੰਜਾਬ ਨੇ ਪਿਛਲੇ 70 ਸਾਲਾਂ ਵਿਚ ਕਾਫੀ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਸਿਰਫ਼ ਪਦਾਰਥਕ ਹੈ। ਪੰਜਾਬ ਨੇ ਅਨਾਜ ਬੁਹਤ ਪੈਦਾ ਕੀਤਾ ਆਪਣੇ ਲਈ ਵੀ, ਦੇਸ਼ ਲਈ ਵੀ। ਪਿੰਡ ਪਹਿਲਾਂ ਨਾਲੋਂ ਬਦਲ ਗਏ ਹਨ। ਬਿਜਲੀ, ਪਾਣੀ ਸੜਕ ਤੇ ਸਕੂਲ ਹੁਣ ਪਿੰਡ ਵਿਚ ਹਨ। ਰੇਡੀਓ, ਟੀ. ਵੀ., ਫਰਿੱਜ ਹੁਣ ਬਹੁਤੇ ਘਰਾਂ ਵਿਚ ਹਨ। ਮਕਾਨ ਬਹੁਗਿਣਤੀ ਵਿਚ ਪੱਕੇ ਹੋ ਗਏ ਹਨ। ਬੱਸਾਂ ਪਿੰਡਾਂ ਵਿਚ ਜਾਂਦੀਆਂ ਹਨ। ਕਾਰਾਂ, ਮੋਟਰ ਸਾਈਕਲ ਤੇ ਸਕੂਟਰ ਪੇਂਡੂ ਸੜਕਾਂ ਉਤੇ ਚਲਦੇ ਹਨ।

ਬਹੁਤ ਸਾਰੇ ਪਿੰਡ ਕਸਬੇ ਬਣ ਗਏ ਹਨ। ਕਸਬੇ ਸ਼ਹਿਰ ਬਣ ਗਏ ਹਨ। ਛੋਟੇ ਜਿਹੇ ਪੰਜਾਬੀ ਸੂਬੇ ਵਿਚ ਪੰਜ ਸੌ ਸ਼ਹਿਰ, ਕਸਬੇ ਅਤੇ ਕਸਬਾਨੁਮਾ ਪਿੰਡ ਹਨ। ਇਹ ਖੁਸ਼ਹਾਲੀ ਹੈ। ਪਰ ਇਹ ਖੁਸ਼ਹਾਲੀ ਸਿਰਫ਼ ਪਦਾਰਥਕ ਹੈ।

ਧਨ ਆਇਆ ਹੈ, ਪਰ ਇਹ ਧਨ ਹੋਰ ਧਨ ਨਹੀਂ ਕਮਾ ਰਿਹਾ। ਰੁਜ਼ਗਾਰ ਵਧੇ ਹਨ, ਪਰ ਇਹ ਵਧੇ ਰੁਜ਼ਗਾਰ ਹੋਰ ਰੁਜ਼ਗਾਰ ਨਹੀਂ ਪੈਦਾ ਕਰ ਰਹੇ। ਅਨਪੜ੍ਹਾਂ ਅਤੇ ਪੜ੍ਹਿਆਂ ਦੀ ਬੇਰੁਜ਼ਗਾਰੀ ਪੰਜਾਬ ਦੀ ਗੰਭੀਰ ਸਮੱਸਿਆ ਹੈ। ਉਦਯੋਗ ਹਨ, ਪਰ ਇਹ ਉਦਯੋਗ ਨਵੇਂ ਉਦਯੋਗ ਨਹੀਂ ਪੈਦਾ ਕਰ ਰਹੇ। ਤਰੱਕੀ ਰੁਕੀ ਪਈ ਹੈ। ਕਾਰਨ ਬੌਧਿਕ, ਭੁੱਖਮਰੀ ਹੈ। ਨਵੇਂ ਵਿਚਾਰ ਅਤੇ ਨਵੀਂ ਸੋਚ ਨਹੀਂ ਨਹੀਂ ਉੱਭਰ ਰਹੀ।

ਇਸੇ ਕਰਕੇ ਅਸੀਂ ਵਾਰ-ਵਾਰ ਲਿਖਿਆ ਹੈ ਕਿ ਪੰਜਾਬ ਵਿਚ ਬਾਹੂ ਬਲ ਹੈ, ਬੁੱਧ-ਬਲ ਵੀ ਹੈ ਪਰ ਸੀਮਤ ਹੈ। ਪੰਜਾਬ ਵਿਚ ਨਵਾਂ ਬੁੱਧ-ਬਲ ਪੈਦਾ ਕਰਨ ਦੀ ਲਹਿਰ ਪੈਦਾ ਹੋਵੇ। ਇਹ ਲਹਿਰ ਪੰਜਾਬੀ ਮਾਧਿਅਮ ਵਾਲੇ ਉਹ ਸਕੂਲ ਪੈਦਾ ਕਰਨਗੇ ਜੋ ਧਰਤੀ ਨਾਲ ਜੁੜੇ ਹੋਣ। ਉਹ ਅਧਿਆਪਕ ਇਹ ਲਹਿਰ ਪੈਦਾ ਕਰਨਗੇ ਜੋ ਪੰਜਾਬੀ ਬੱਚਿਆਂ ਨੂੰ ਦਰਦ ਅਤੇ ਯੋਗਤਾ ਨਾਲ ਪੜ੍ਹਾਉਣ ਤੇ ਨਾਲ-ਨਾਲ ਪੰਜਾਬ ਦੀਆਂ ਘਾਟਾਂ ਨੂੰ ਸਮਝਣ। ਪੰਜਾਬ ਦੀਆਂ ਮੁਸ਼ਕਿਲਾਂ ਅਤੇ ਲੋੜਾਂ ਕਿਸੇ ਹੋਰ ਨੇ ਹੱਲ ਨਹੀਂ ਕਰਨੀਆਂ। ਸਿਆਣੇ ਤੇ ਸੋਚਵਾਨ ਪੰਜਾਬੀ ਆਪ ਹੀ ਸਮੱਸਿਆਵਾਂ ਦਾ ਹੱਲ ਲੱਭਣਗੇ। ਹੱਲ ਨੇੜੇ ਹੀ ਹਨ। ਯਤਨ ਤੇ ਉੱਦਮ ਦੀ ਲੋੜ ਹੈ?

# ਕੰਮ-ਚਲਾਊ ਕੇਂਦਰੀ ਬੱਜਟ ਕਿਵੇਂ ਕਰੇਗਾ ਆਰਥਿਕ ਸੁਧਾਰ?


ਲਗਾਤਾਰ ਸੰਕਟ ਨਾਲ ਜੂਝ ਰਹੇ ਦੇਸ਼ ਦੇ 18 ਕਰੋੜ ਪੇਂਡੂ ਪਰਵਾਰਾਂ ਵਿੱਚੋਂ ਵੱਡੀ ਗਿਣਤੀ ਖੇਤੀ ਆਧਾਰਤ ਹਨ, ਪਰ ਮੌਜੂਦਾ ਬੱਜਟ ਨਾਲ ਕਿਸੇ ਪਰਵਾਰ ਨੂੰ ਕੋਈ ਲਾਭ ਮਿਲ ਸਕੇਗਾ, ਇਹ ਕਹਿਣਾ ਬਹੁਤ ਮੁਸ਼ਕਲ ਹੈ। ਭਾਵੇਂ ਖੇਤੀ ਅਤੇ ਇਸ ਨਾਲ ਜੁੜੇ ਖੇਤਰਾਂ ਲਈ ਸਹੂਲਤਾਂ ਦੇਣ ਵਾਸਤੇ ਪਿਛਲੇ ਸਾਲ ਦੇ ਮੁਕਾਬਲੇ ਬੱਜਟ 'ਚ 24% ਰੱਖੀ ਰਕਮ 'ਚ ਚੌਵੀ ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਖੇਤੀ ਕਰਜ਼ਾ ਇੱਕ ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਪ੍ਰਾਇਮਰੀ ਖੇਤੀਬਾੜੀ ਸੁਸਾਇਟੀਆਂ ਨੂੰ ਨਾਬਾਰਡ ਰਾਹੀਂ ਪਹਿਲਾਂ ਨਾਲੋਂ ਜ਼ਿਆਦਾ ਸਹਾਇਤਾ ਮਿਲੇਗੀ। ਮਨਰੇਗਾ ਦੇ ਖਾਤੇ ਵਿੱਚ 48000

ਕਰੋੜ ਰੁਪਏ ਆਏ ਹਨ। ਫ਼ਸਲ ਬੀਮਾ ਅਤੇ

ਜ਼ਮੀਨੀ ਸਿਹਤ ਕਾਰਡ ਨੂੰ ਸਰਕਾਰੀ ਸਹਾਇਤਾ ਵੀ ਮਿਲਦੀ ਰਹੇਗੀ।

ਬਾਰੀਕੀ ਨਾਲ ਤੱਥਾਂ ਦੀ ਛਾਣ-ਬੀਣ ਕੀਤਿਆਂ ਪਤਾ ਚੱਲਦਾ ਹੈ ਕਿ ਮਨਰੇਗਾ ਦੀ ਰਕਮ 'ਚ ਭਾਰੀ ਵਾਧਾ ਅਸਲ ਵਿੱਚ ਪਿਛਲੇ ਸਾਲ ਦੇ 47499 ਕਰੋੜ ਰੁਪਏ ਦੇ ਖ਼ਰਚ ਨਾਲੋਂ ਸਿਰਫ਼ 501 ਕਰੋੜ ਰੁਪਏ ਹੀ ਵੱਧ ਹੈ। ਸਾਲ 2002 ਤੋਂ ਲੈ ਕੇ ਹੁਣ ਤੱਕ ਉਤਪਾਦਨ ਦੇ ਲਈ ਮਿਲਣ ਵਾਲੀ ਕਰਜ਼ਾ ਰਾਸ਼ੀ ਵਧੀ ਹੈ, ਪਰ ਨਿਵੇਸ਼ ਦੇ ਲਈ ਮਿਲਣ ਵਾਲੀ ਕਰਜ਼ਾ ਰਾਸ਼ੀ ਵਿੱਚ ਗਿਰਾਵਟ ਆਈ ਹੈ। ਸਿੱਟੇ ਵਜੋਂ ਇਹ ਕਰਜ਼ਾ ਨਿੱਜੀ ਲੋੜਾਂ ਲਈ ਵਰਤਣ ਵੱਲ ਮੁੜਿਆ ਹੈ। ਰਿਜ਼ਰਵ ਬੈਂਕ ਦੇ ਅੰਕੜੇ ਦੱਸਦੇ ਹਨ ਕਿ ਛੋਟੇ ਅਤੇਦ ਰਮਿਆਨੇਦ ਰਜੇਦ ੇ ਿ ਕਸਾਨਾਂਨੂੰ ਦਿੱਤਾ ਜਾਣ ਵਾਲਾ ਕਰਜ਼ਾ ਵੀ ਘਟਿਆ ਹੈ। ਕਰਜ਼ੇ ਨੂੰ ਆਮਦਨ ਵਿੱਚ ਬਦਲਣ ਦੀ ਰਣਨੀਤੀ ਦਾ ਨਾ ਹੋਣਾ ਵੀ ਇੱਕ ਵੱਡੀ ਅਸਫ਼ਲਤਾ ਹੈ। ਫ਼ਸਲ ਬੀਮਾ ਯੋਜਨਾ ਦਾ ਦਾਇਰਾ 40 ਫ਼ੀਸਦੀ ਵਧਾ ਦਿੱਤਾ ਗਿਆ ਹੈ, ਪਰ ਪਿਛਲੇ ਦੋ ਸਾਲਾਂ 'ਚ ਫ਼ਸਲਾਂ ਦੌਰਾਨ ਬੀਮਾ ਕਿਸ਼ਤ ਵਿੱਚ ਵਾਧਾ ਨਿਰਾਸ਼ ਕਰਦਾ ਹੈ। ਬੀਮਾ ਕਿਸ਼ਤ ਵਧਣ ਨਾਲ ਸਬਸਿਡੀ ਬਿੱਲ ਵਧਿਆ ਹੈ, ਜਿਸ ਨਾਲ ਫਾਇਦਾ ਕਿਸਾਨਾਂ ਨੂੰ ਨਹੀਂ, ਬੀਮਾ ਕੰਪਨੀਆਂ ਨੂੰ ਹੋਇਆ ਹੈ। ਭਾਵੇਂ ਸਰਕਾਰ ਵੱਲੋਂ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੋ ਗੁਣਾਂ ਕਰਨ ਦੀ ਯੋਜਨਾ ਉਲੀਕੀ ਗਈ ਹੈ, ਜਿਸ ਵਾਸਤੇ ਬੱਜਟ ਵਿੱਚ ਕਿਸੇ ਠੋਸ ਯੋਜਨਾ ਦਾ ਜ਼ਿਕਰ ਤੱਕ ਨਹੀਂ ਹੈ। ਕਿਸਾਨਾਂ ਦੀ ਆਮਦਨ 'ਚ ਕਮੀ ਉਨ੍ਹਾਂ ਦੀ ਜਾਨ ਦਾ ਖੌਅ ਬਣ ਰਹੀ ਹੈ ਅਤੇ 2016 ਵਿੱਚ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਵਿੱਚ 40 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।


ਗੁਰਮੀਤ ਸਿੰਘ
ਪਲਾਹੀ
98158-02070

ਵਿਸ਼ੇਸ਼ਅ ਧਿਕਾਰਾਂਦ ੇਪ ੍ਰਫੁੱਲਤਾ- ਿ ਇਸਬ ੱਜਟਿ ਵੱਚਲ ੋਕਾਂਨੂੰ ਅਚੰਭਿਤ ਕਰਨ ਵਾਲਾ ਕੁਝ ਵੀ ਦਿਖਾਈ ਨਹੀਂ ਦਿੰਦਾ। ਜਿਹੜੀ ਥੋੜ੍ਹੀ-ਬਹੁਤ ਇਸ ਬੱਜਟ ਤੋਂ ਉਮੀਦ ਸੀ ਵੀ, ਉਹ ਕਾਹਲੀ ਨਾਲ ਲਾਗੂ ਕੀਤੀ ਨੋਟ-ਬੰਦੀ ਨੇ ਖ਼ਤਮ ਕਰ ਦਿੱਤੀ ਹੈ, ਜਿਸ ਦੇ ਕਾਰਨ ਚਾਲੂ ਵਰ੍ਹੇ ਦੀ ਆਰਥਿਕ ਵਿਕਾਸ ਦਰ 0.5 ਫ਼ੀਸਦੀ ਘਟ ਜਾਏਗੀ। ਭਾਵੇਂ ਲੋੜ ਇਸ ਗੱਲ ਦੀ ਸੀ ਕਿ ਕਿਸਾਨਾਂ ਸਮੇਤ ਗ਼ਰੀਬ ਪਰਵਾਰਾਂ ਲਈ ਸਰਬ-ਵਿਆਪੀ ਮੁੱਢਲੀ ਆਮਦਨ (ਯੂ ਬੀ ਆਈ, ਭਾਵ ਯੂਨੀਵਰਸਲ ਬੇਸਿਕ ਇਨਕਮ) ਦੇ ਰੂਪ ਵਿੱਚ ਯੋਗ ਪਰਵਾਰਾਂ ਸਮੇਤ ਸੀਮਾਂਤ ਕਿਸਾਨ ਪਰਵਾਰਾਂ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਨੂੰ ਮੁੜ ਤਰਤੀਬ ਦੇ ਕੇ ਕਿਸੇ ਸਕੀਮ ਦੀ ਵਿਵਸਥਾ ਕੀਤੀ ਜਾਂਦੀ, ਪਰ ਇਸ ਬੱਜਟ ਵਿੱਚ ਇਸ ਪ੍ਰਤੀ ਚੁੱਪੀ ਕਈ ਸਵਾਲ ਖੜੇ ਕਰਦੀ ਹੈ।

ਪੀ ਵੀ ਨਰਸਿਮਹਾ ਰਾਓ ਵੱਲੋਂ ਸ਼ੁਰੂ ਕੀਤੇ ਆਰਥਿਕ ਉਦਾਰੀਕਰਨ ਦੇ ਦੌਰ ਵਿੱਚ ਬੱਜਟ ਵਿੱਚ ਸਰਕਾਰ ਦੇ ਵਿਸ਼ੇਸ਼ ਅਧਿਕਾਰ ਨੂੰ ਪ੍ਰਫੁੱਲਤ ਕੀਤਾ ਗਿਆ ਸੀ, ਜਿਸ ਅਨੁਸਾਰ ਕਿਸੇ ਇੱਕ ਪ੍ਰਤੀ ਉਦਾਰਤਾ ਦਿਖਾਈ ਜਾਂਦੀ ਅਤੇ ਦੂਜੇ ਨੂੰ ਦੰਡਿਤ ਕੀਤਾ ਜਾਂਦਾ। ਇੱਕ ਚੀਜ਼ ਦੇ ਮੁੱਲ ਘਟਾ ਦਿੱਤੇ ਜਾਂਦੇ ਸਨ, ਦੂਜੀ ਦੇ ਵਧਾ ਦਿੱਤੇ ਜਾਂਦੇ ਸਨ। ਇਹੀ ਰਿਵਾਇਤ ਇਸ ਬੱਜਟ ਵਿੱਚ ਵੀ ਜਾਰੀ ਹੈ, ਜਿਸ ਦੀ ਕੀਮਤ ਅੱਜ ਵੀ ਦੇਸ਼ ਬੁਰੀ ਤਰ੍ਹਾਂ ਚੁਕਾ ਰਿਹਾ ਹੈ। ਉਂਜ ਵੀ ਬੱਜਟ ਅੰਕੜਿਆਂ ਦੀ ਖੇਡ ਹੀ ਤਾਂ ਹੈ। ਕਹਿਣ ਨੂੰ ਰੇਲ ਬੱਜਟ ਨੂੰ ਆਮ ਬੱਜਟ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ ਅਤੇ ਵਾਤਾਵਰਣ ਲਈ ਕੁੱਲ ਖ਼ਰਚ 1,28,000ਕ ਰੋੜਰ_ਪਏਕ ਰ ਿਦੱਤਾਂ ਗਆਿਹੈ ,ਜ ੋ ਿਪਛਲੇਸ ਾਲ 21,000 ਕਰੋੜ ਰੁਪਏ ਸੀ। ਇਸ ਬੱਜਟ 'ਚ ਕਿਉਂਕਿ ਇਸ ਸਾਲ ਰੇਲਵੇ ਵਿਵਸਥਾ ਵੀ ਸ਼ਾਮਲ ਹੈ, ਤੇ ਬੱਜਟ 'ਚ ਇਸ ਮੱਦ ਲਈ 30,000 ਕਰੋੜ ਰੁਪਏ ਘੱਟ ਹੈ, ਜਿਹੜੇ ਕਿਸੇ ਹੋਰ ਸਕੀਮ ਵਿੱਚ ਪਾ ਦਿੱਤੇ ਗਏ ਹਨ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜ਼ਖ਼ਮਾਂ ਨੂੰ ਭਰਨ ਲਈ ਕਿਸੇ ਕੌੜੀ ਦਵਾਈ ਦੀ ਲੋੜ ਹੁੰਦੀ ਹੈ, ਪਰ ਬੱਜਟ ਵਿੱਚ ਮਿੱਠੀ ਗੋਲੀ ਤਾਂ ਦਿੱਸਦੀ ਹੈ, ਪਰ ਕੌੜੀ ਦਵਾਈ ਕਿਧਰੇ ਵੀ ਨਹੀਂ ਹੈ। ਵੈਸੇ ਵੀ ਬੱਜਟ ਦਾ ਵੱਡਾ ਹਿੱਸਾ ਤਾਂ ਪਹਿਲਾਂ ਤੋਂ ਤੈਅ ਮੁੱਦਿਆਂ ਉੱਤੇ ਖ਼ਰਚ ਹੋ ਜਾਂਦਾ ਹੈ। ਇਸ ਵਿੱਚ ਵਿਆਜ ਦਾ ਭੁਗਤਾਨ, ਤਨਖ਼ਾਹਾਂ ਅਤੇ ਪੈਨਸ਼ਨਾਂ ਸ਼ਾਮਲ ਹਨ। ਇਹ ਤਿੰਨੇ ਮੱਦਾਂ ਬੱਜਟ ਦਾ 60 ਫ਼ੀਸਦੀ ਖਾ ਜਾਂਦੀਆਂ ਹਨ। ਬੱਜਟ ਦਾ 8 ਤੋਂ 15 ਫ਼ੀਸਦੀ ਸਬਸਿਡੀਆਂ ਦੀ ਭੇਂਟ ਚੜ੍ਹਦਾ ਹੈ। ਇਹ ਸਬਸਿਡੀਆਂ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ ਉੱਤੇ ਨਿਰਭਰ ਹਨ। ਕੁਝ ਸਾਲ ਪਹਿਲਾਂ ਜਦੋਂ ਕੱਚੇ ਤੇਲ ਦੀ ਕੀਮਤ 100 ਡਾਲਰ ਪ੍ਰਤੀ ਬੈਰਲ ਸੀ, ਉਸ ਵੇਲੇ ਸਬਸਿਡੀ 1,30,000 ਕਰੋੜ ਰੁਪਏ ਸੀ। ਪਿਛਲੇ ਸਾਲ ਇਹ 27500 ਕਰੋੜ ਰੁਪਏ ਰਹਿ ਗਈ। ਇੰਜ ਕਰ ਕੇ ਬੱਜਟ ਦਾ 85 ਫ਼ੀਸਦੀ ਹਿੱਸਾ ਤਾਂ ਪਹਿਲਾਂ ਹੀ ਤੈਅ ਮੱਦਾਂ ਡਕਾਰ ਜਾਂਦੀਆਂ ਹਨ। ਆਮ ਬੱਜਟ ਸਿਰਫ਼ 15 ਫ਼ੀਸਦੀ ਦਾ ਹੁੰਦਾ ਹੈ, ਜਿਸ ਵਿੱਚੋਂ ਵੀ ਲਚਕੀਲੇਪਣ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ, ਕਿਉਂਕਿ ਕਈ ਯੋਜਨਾਵਾਂ ਤਾਂ ਪਹਿਲਾਂ ਹੀ ਜਾਰੀ ਹੁੰਦੀਆਂ ਹਨ, ਜਿਨ੍ਹਾਂ ਨੂੰ ਲਾਗੂ ਰੱਖਣਾ ਹੁੰਦਾ ਹੈ।

ਕੁਝ ਵੀ ਨਵਾਂ ਨਹੀਂ - ਬੱਜਟ ਉੱਤੇ ਪੰਛੀ ਝਾਤ ਮਾਰਦਿਆਂ ਵੇਖਿਆ ਜਾ ਸਕਦਾ ਹੈ ਕਿ ਸਰਕਾਰ ਵੱਲੋਂ ਨਿਵੇਸ਼ ਨੂੰ ਵਧਾਉਣ ਲਈ ਕੁਝ ਨਵਾਂ ਨਹੀਂ

ਕੀਤਾ ਗਿਆ। ਸਰਕਾਰ ਨੇ ਸਕਿੱਲ ਟਰੇਨਿੰਗ ਦੀ ਗੱਲ ਤਾਂ ਕੀਤੀ ਹੈ, ਪਰ ਨੌਕਰੀਆਂ ਬਾਰੇ ਚੁੱਪੀ ਧਾਰੀ ਹੋਈ ਹੈ। ਮੇਕ-ਇਨ-ਇੰਡੀਆ ਨੂੰ ਤਾਂ ਸਰਕਾਰ ਭੁੱਲ ਹੀ ਗਈ ਹੈ। ਬੱਜਟ ਵਿੱਚ ਸਿਹਤ, ਸਿੱਖਿਆ ਲਈ ਕੋਈ ਖ਼ਾਸ ਵਾਧਾ ਨਹੀਂ ਕੀਤਾ ਗਿਆ, ਜਦੋਂ ਕਿ ਕਾਰਪੋਰੇਟ ਜਗਤ ਨੂੰ 5 ਫ਼ੀਸਦੀ ਟੈਕਸ ਫਾਇਦਾ ਦਿੱਤਾ ਗਿਆ ਹੈ। ਬੱਜਟ ਘਾਟਾ 3.2 ਫ਼ੀਸਦੀ ਹੋਣ ਨਾਲ ਸਰਕਾਰ ਨੂੰ ਬਾਜ਼ਾਰ ਵਿੱਚੋਂ ਪੈਸਾ ਜੁਟਾਉਣਾ ਪਵੇਗਾ, ਜਿਸ ਨਾਲ ਮਹਿੰਗਾਈ ਵਧੇਗੀ।

ਬੱਜਟ ਵਿੱਚ ਕੁਝ ਇਹੋ ਜਿਹੀਆਂ ਯੋਜਨਾਵਾਂ ਹਨ, ਜੋ ਸੁਣਨ ਵਿੱਚ ਕਾਫ਼ੀ ਵੱਡੀਆਂ ਲੱਗ ਰਹੀਆਂ ਹਨ, ਜਿਨ੍ਹਾਂ ਵਿੱਚ ਸਕਿੱਲ ਇੰਡੀਆ ਤਹਿਤ 3.5 ਕਰੋੜ ਨੌਜਵਾਨਾਂ ਨੂੰ ਟਰੇਂਡ ਕਰਨਾ ਹੈ। ਹਾਊਸਿੰਗ ਸੈਕਟਰ ਲਈ 6043 ਕਰੋੜ ਰੁਪਏ ਰੱਖੇ ਗਏ ਹਨ। ਪੌਸ਼ਟਿਕ ਖ਼ੁਰਾਕ ਦੀ ਮੱਦ ਲਈ 20755 ਕਰੋੜ ਰੁਪਏ, ਡੇਅਰੀ ਵਿਕਾਸ ਲਈ 1694 ਕਰੋੜ ਰੁਪਏ, ਮੁਦਰਾ ਬੈਂਕ ਲਈ 1040 ਕਰੋੜ ਰੁਪਏ ਅਤੇ ਪ੍ਰਸੂਤਾ ਸਮੇਂ 45 ਲੱਖ ਔਰਤਾਂ ਨੂੰ 6000 ਰੁਪਏ ਪ੍ਰਤੀ ਦੇਣ ਲਈ 2700 ਕਰੋੜ ਰੁਪਏ ਰੱਖੇ ਗਏ ਹਨ। ਇਸ ਦਾ ਲਾਭ 100 ਲੋਕਾਂ ਵਿੱਚੋਂ ਸਿਰਫ਼ 25 ਨੂੰ ਹੀ ਹੋਣ ਵਾਲਾ ਹੈ, ਕਿਉਂਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਟਾਰਗੈੱਟ ਪਹਿਲਾਂ ਹੀ ਵੱਡੇ ਹਨ। ਜਿਵੇਂ ਸਕਿੱਲ ਇੰਡੀਆ 'ਚ ਹੁਣ ਤੱਕ ਸਿਰਫ਼ 55 ਲੱਖ ਨੌਜਵਾਨ ਟਰੇਂਡ ਕੀਤੇ ਗਏ ਹਨ। ਸਕੀਮ 'ਚ ਮਿੱਥਿਆ ਟਾਰਗੈੱਟ ਪੂਰਾ ਕਰਨ ਲਈ 8 ਕਰੋੜ ਨੌਜਵਾਨਾਂ ਨੂੰ ਹਰ ਸਾਲ ਟਰੇਂਡ ਕਰਨਾ ਹੈ, ਪਰ ਇਸ ਸਾਲ ਟੀਚਾ 3.5 ਕਰੋੜ ਦਾ ਮਿੱਥਿਆ ਗਿਆ ਹੈ। ਦੁੱਧ ਕ੍ਰਾਂਤੀ ਲਈ ਲੋੜ 85000 ਕਰੋੜ ਰੁਪਏ ਦੀ ਹੈ, ਜਦੋਂ ਕਿ ਬੱਜਟ ਵਿੱਚ ਸਿਰਫ਼ 1634 ਕਰੋੜ ਰੁਪਏ ਰੱਖੇ ਗਏ ਹਨ। ਹਰ ਸਾਲ ਦੋ ਕਰੋੜ ਔਰਤਾਂ ਦੀ ਡਲਿਵਰੀ ਹੁੰਦੀ ਹੈ, ਜਦੋਂ ਕਿ 6000 ਰੁਪਏ ਦੀ ਰਕਮ 45 ਲੱਖ ਔਰਤਾਂ ਨੂੰ ਹੀ ਮਿਲ ਸਕੇਗੀ।

ਮੋਦੀ ਸਰਕਾਰ ਦਾ ਇਹ ਤੀਜਾ ਬੱਜਟ ਹੈ। ਪੰਜ ਰਾਜਾਂ ਦੀਆਂ ਚੋਣਾਂ ਨੂੰ ਦੇਖ ਕੇ ਉਮੀਦ ਕੀਤੀ ਜਾਂਦੀ ਸੀ ਕਿ ਕੇਂਦਰੀ ਬੱਜਟ ਵਿੱਚ ਪੇਂਡੂ ਭਾਰਤ ਦੀ ਚਮਕ ਨਜ਼ਰ ਆਏਗੀ। ਬੱਜਟ ਵਿੱਚ ਕਿਸੇ ਸਰਜੀਕਲ ਸਟਰਾਈਕ ਦੀ ਉਮੀਦ ਦਿਖਾਈ ਦੇ ਰਹੀ ਸੀ, ਪਰ ਕਿਸਾਨਾਂ, ਖ਼ਾਸ ਕਰ ਕੇ ਪੇਂਡੂ ਗ਼ਰੀਬਾਂ ਨੂੰ ਤਾਂ ਇਸ ਵਿੱਚੋਂ ਨਿਰਾਸ਼ਾ ਹੀ ਹੱਥ ਲੱਗੀ ਹੈ।

ਭਾਵੇਂ ਇਸ ਬੱਜਟ ਵਿੱਚ ਭਾਰਤੀ ਅਰਥ-ਵਿਵਸਥਾ ਉੱਤੇ ਪਏ ਨੋਟ-ਬੰਦੀ ਦੇ ਅਸਰ ਨੂੰ ਘੱਟ ਕਰਨ ਦੀ ਕੋਸ਼ਿਸ਼ ਸਾਫ਼ ਦਿਖਾਈ ਦਿੰਦੀ ਹੈ, ਜਿਸ ਦਾ ਵੱਡਾ ਅਸਰ ਕਿਸਾਨਾਂ, ਛੋਟੇ ਵਪਾਰੀਆਂ, ਬਜ਼ੁਰਗਾਂ ਅਤੇ ਔਰਤਾਂ ਤੇ ਖ਼ਾਸ ਕਰ ਕੇ ਕਿਰਤੀਆਂ ਉੱਤੇ ਪਿਆ ਹੈ। ਬੱਜਟ ਵਿੱਚ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਸਰਕਾਰ ਗ਼ਰੀਬਾਂ ਦੇ ਹਿੱਤਾਂ 'ਚ ਕੰਮ ਕਰ ਰਹੀ ਹੈ, ਪਰ ਅਸਲੀਅਤ ਕੁਝ ਹੋਰ ਹੀ ਹੈ।

ਕੀ ਹੈ ਅਸਲੀਅਤ?

ਪਿਛਲੇ ਦੋ ਵਰ੍ਹੇ ਲਗਾਤਾਰ ਦੇਸ਼ ਦੇ ਕਿਸਾਨਾਂ ਦੀਆਂ ਫ਼ਸਲਾਂ ਸੋਕੇ ਨੇ ਮਾਰ ਲਈਆਂ। ਇਸ ਵੇਰ ਭਾਰੀ ਬਰਸਾਤ ਕਾਰਨ ਚੰਗੀ ਫ਼ਸਲ ਤੋਂ ਆਮਦਨ ਦੀ ਆਸ ਸੀ, ਜੋ ਨੋਟ-ਬੰਦੀ ਦੀ ਭੇਟ ਚੜ੍ਹ ਗਈ। ਉੱਪਰੋਂ ਬੱਜਟ ਨੇ ਕਿਸਾਨਾਂ ਦਾ ਸਾਹ ਹੀ ਕੱਢ ਸੁੱਟਿਆ ਹੈ। 1. ਕਿਸਾਨਾਂ ਦੀ ਆਮਦਨ 5 ਸਾਲਾਂ 'ਚ ਦੁੱਗਣੀ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਲਈ 2017-18 ਦੇ ਬੱਜਟ ਵਿੱਚ ਵੀ ਕੋਈ ਸਕੀਮ ਨਹੀਂ ਲਿਆਂਦੀ ਗਈ।

2. ਕਿਸਾਨਾਂ ਨੂੰ ਕਰਜ਼ਾ ਦੇਣ ਦਾ ਜੋ ਵਾਅਦਾ ਕੀਤਾ ਗਿਆ ਅਤੇ ਜੋ ਸਾਲ 2016-17 ਵਿੱਚ 9.5 ਲੱਖ ਕਰੋੜ ਰੁਪਏ ਸੀ, ਇਸ ਵਰ੍ਹੇ 10 ਲੱਖ ਕਰੋੜ ਰੁਪਏ ਕੀਤਾ ਗਿਆ। ਇਸ ਵਿੱਚ ਕੇਂਦਰ ਸਰਕਾਰ ਦਾ ਕੋਈ ਲੈਣਾ-ਦੇਣਾ ਨਹੀਂ। ਇਹ ਕਰਜ਼ਾ ਤਾਂ ਬੈਂਕਾਂ ਨੇ ਦੇਣਾ ਹੈ। ਇਸ ਵਿੱਚ ਵੀ ਇਹ ਗੱਲ ਕਿਧਰੇ ਨਹੀਂ ਦਰਸਾਈ ਗਈ ਕਿ ਇਹ ਕਰਜ਼ਾ ਛੋਟੇ, ਸੀਮਾਂਤ ਕਿਸਾਨਾਂ ਤੱਕ ਕਿਵੇਂ ਪੁੱਜੇਗਾ, ਜਦੋਂ ਕਿ ਉਹ ਕੁੱਲ ਕਿਸਾਨੀ ਦਾ 86 ਫ਼ੀਸਦੀ ਹਨ।

3. ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਲਈ 40 ਫ਼ੀਸਦੀ ਦੀ ਗੱਲ ਬੱਜਟ ਵਿੱਚ ਕੀਤੀ ਗਈ ਹੈ। 13240 ਕਰੋੜ ਰੁਪਏ 2016-17 ਵਿੱਚ ਬੀਮਾ ਕਿਸ਼ਤਾਂ ਦੇਣ ਲਈ ਸਰਕਾਰ ਨੇ ਬੀਮਾ ਕੰਪਨੀਆਂ ਨੂੰ ਦਿੱਤੇ, ਜਦੋਂ ਕਿ 2017-18 ਲਈ ਇਹ ਰਕਮ 9000 ਕਰੋੜ ਰੁਪਏ ਹੈ। ਤਦ ਫਿਰ 40 ਫ਼ੀਸਦੀ ਦਾ ਵਾਧਾ ਕਿਵੇਂ ਹੋਇਆ?

4. ਸਾਲ 2016-17 'ਚ ਕਿਸਾਨਾਂ ਦਾ ਵਿਆਜ ਮੁਆਫ਼ ਕਰਨ ਲਈ 13,822 ਕਰੋੜ ਰੁਪਏ ਖ਼ਰਚੇ ਗਏ, ਜਦੋਂ ਕਿ ਸਾਲ 2017-18 ਦੇ ਬੱਜਟ ਵਿੱਚ 15300 ਕਰੋੜ ਰੱਖੇ ਗਏ ਹਨ।

5. ਬੀਮਾ ਕੰਪਨੀਆਂ ਨੂੰ ਫ਼ਸਲ ਬੀਮਾ ਕਿਸ਼ਤ ਵਜੋਂ 13240 ਕਰੋੜ ਰੁਪਏ ਦੇ ਦਿੱਤੇ ਗਏ, ਜਦੋਂ ਕਿ ਉਸ ਨਾਲ ਸਿਰਫ਼ 26.5 ਫ਼ੀਸਦੀ ਕਿਸਾਨ ਹੀ ਬੀਮਾ ਸਕੀਮ 'ਚ ਕਵਰ ਹੋਏ। ਇਹ ਸਾਰੀ ਰਕਮ ਬੀਮਾ ਕੰਪਨੀਆਂ ਦੇ ਪੇਟੇ ਪੈ ਗਈ, ਜਦੋਂ ਕਿ ਕਿਸਾਨਾਂ ਨੂੰ ਬੀਮਾ ਕੰਪਨੀਆਂ ਤੋਂ ਕੀ ਮਿਲਿਆ, ਇਸ ਦਾ ਕਿਧਰੇ ਵੀ ਜ਼ਿਕਰ ਨਹੀਂ।

6. ਸਿੰਜਾਈ ਲਈ 2016-17 ਵਿੱਚ 20,000 ਕਰੋੜ ਰੁਪਏ ਦਾ ਕਾਰਪਸ ਫ਼ੰਡ ਨਾਬਾਰਡ ਕੋਲ ਲੰਮੀਆਂ ਸਿੰਜਾਈ ਯੋਜਨਾਵਾਂ ਲਈ ਸੀ, ਜਿਸ ਵਿੱਚੋਂ ਕਿੰਨਾ ਖ਼ਰਚਿਆ, ਇਸ ਦਾ ਜ਼ਿਕਰ ਕੀਤੇ ਬਿਨਾਂ ਹੀ 2017-18 ਲਈ ਇਹ ਕਾਰਪਸ ਫ਼ੰਡ 40,000 ਕਰੋੜ ਰੁਪਏ ਕਰ ਦਿੱਤਾ ਗਿਆ, ਪਰ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕਿ ਇਸ ਵਿੱਚੋਂ ਕਿੰਨਾ ਖ਼ਰਚਿਆ ਜਾਵੇਗਾ ਅਤੇ ਕਿਹੜੀ ਸਿੰਜਾਈ ਸੁਵਿਧਾ ਦਿੱਤੀ ਜਾਵੇਗੀ।

ਮਿਸ਼ਨ ਅਨਤੋਦਿਆ ਅਧੀਨ ਇੱਕ ਕਰੋੜ ਲੋਕਾਂ ਲਈ ਪੱਕੇ ਘਰ ਬਣਾਉਣ ਦੀ ਯੋਜਨਾ ਉਲੀਕੀ ਗਈ। 50,000 ਗ਼ਰੀਬ ਪਿੰਡ ਪੰਚਾਇਤਾਂ ਦੀ ਗ਼ਰੀਬੀ ਖ਼ਤਮ ਕਰਨ ਦੀ ਇਸ ਮਿਸ਼ਨ 'ਚ ਵਿਵਸਥਾ ਕੀਤੀ ਗਈ, ਪਰ ਇਹ ਸਭ ਕੁਝ ਪਹਿਲਾਂ ਹੀ ਜਾਰੀ ਸਕੀਮਾਂ ਅਧੀਨ ਹੋਵੇਗਾ, ਕੋਈ ਨਵਾਂ ਪੈਸਾ-ਟਕਾ ਨਹੀਂ ਮਿਲੇਗਾ।

ਬੱਜਟ 'ਚ ਮਨਰੇਗਾ ਲਈ ਰੱਖੇ ਗਏ 48000 ਕਰੋੜ ਰੁਪਏ ਪਹਿਲੇ 2016-17 ਦੇ ਖ਼ਰਚੇ 47400 ਕਰੋੜ ਦੇ ਮਨਰੇਗਾ ਦੇ ਖ਼ਰਚੇ ਤੋਂ 501 ਕਰੋੜ ਹੀ ਵੱਧ ਹਨ। ਇਹ ਵੱਡਾ ਖ਼ਰਚਾ ਸਰਕਾਰ ਨੇ ਪਿਛਲੇ ਬੱਜਟ ਨਾਲੋਂ ਵੱਧ ਆਪਣੀ ਮਰਜ਼ੀ ਨਾਲ ਨਹੀਂ ਕੀਤਾ, ਸਗੋਂ ਭਾਰਤ ਦੀ ਸੁਪਰੀਮ ਕੋਰਟ ਨੇ ਸਵਰਾਜ ਅਭਿਆਨ ਕੇਸ ਅਧੀਨ ਸੋਕੇ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇ-ਨਜ਼ਰ ਖ਼ਰਚ ਕਰਨ ਦਾ ਆਦੇਸ਼ ਦਿੱਤਾ ਸੀ, ਜਦੋਂ ਕਿ ਰਾਜਾਂ ਨੇ 80000 ਕਰੋੜ ਰੁਪਏ ਦੀ ਮੰਗ ਕੀਤੀ ਸੀ।

ਪੰਜ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਸਮੇਂ ਆਏ ਇਸ ਬੱਜਟ ਨੇ ਸੰਭਵ ਹੈ ਕਿ ਵਿੱਤ ਮੰਤਰੀ ਦੇ ਹੱਥ ਬੰਨ੍ਹ ਰੱਖੇ ਹੋਣ, ਪਰ ਉਨ੍ਹਾ ਨੇ ਆਰਥਿਕ ਮਾਮਲਿਆਂ ਦੇ ਵਿਭਾਗ ਅਤੇ ਨਵੀਂਆਂ ਯੋਜਨਾਵਾਂ ਦੇ ਨਾਮ ਉੱਤੇ ਜੋ 3000 ਕਰੋੜ ਰੁਪਏ ਰੱਖੇ ਹਨ, ਉਹ ਇੱਕ ਰਹੱਸ ਹੈ, ਕਿਉਂਕਿ ਇਹੋ ਜਿਹੀ ਰਾਸ਼ੀ ਆਮ ਤੌਰ 'ਤੇ ਬੱਜਟ ਵਿੱਚ ਨਹੀਂ ਰੱਖੀ ਜਾਂਦੀ। ਕੀ ਇਹ ਰਾਸ਼ੀ ਯੂ ਬੀ ਆਈ, ਭਾਵ ਸਰਬ-ਵਿਆਪੀ ਮੁੱਢਲੀ ਆਮਦਨ ਪਾਇਲਟ ਪ੍ਰਾਜੈਕਟ ਜਾਂ ਫਿਰ ਕਰਜ਼ਾ ਮਾਫ਼ੀ ਜਿਹੀ ਕਿਸੇ ਯੋਜਨਾ ਲਈ ਤਾਂ ਨਹੀਂ ਰੱਖੀ ਗਈ?

**ਕਹਾਣੀ**

# ਨਿਜ਼ਾਮੂਦੀਨ ਮੈਟਰੋ ਦੀਆਂ ਪੌੜੀਆਂ ਤੇ

**ਨਿਰੁਪਮਾ ਕੌਰ**

ਉਹ ਨਿਜ਼ਾਮੁਦੀਨ ਦੇ ਮੈਟਰੋ ਦੀਆਂ ਬਾਹਰਲੀਆਂ ਪੌੜੀਆਂ ਤੇ ਬੈਠੀ ਸੋਚ ਰਹੀ ਸੀ ਕਿ ਮੈਂ ਇਥੇ ਕਿਸ ਤਰ੍ਹਾਂ ਪਹੁੰਚੀ! ਬਹੁਤਾ ਚਿਰ ਨਹੀਂ ਹੋਇਆ ਕਿ ਮੈਂ ਆਪਣੇ ਭੈਣਾਂ ਤੇ ਭਰਾਵਾਂ ਵਿੱਚ ਰਹਿ ਰਹੀ ਸਾਂ। ਪਿੰਡ ਦੇ ਮੁੰਡਿਆਂ ਤੇ ਕੁੜੀਆਂ ਨਾਲ ਖੇਡਦੀ ਰਹਿੰਦੀ ਸਾਂ, ਸਾਰਾ ਦਿਨ! ਸਕੂਲ ਜਾ ਕੇ ਅਸੀਂ ਸਾਰੇ ਮਿਡ-ਡੇ ਮੀਲ ਪਲਾਸਟਿਕ ਦੇ ਲਫ਼ਾਫ਼ਿਆਂ ਵਿੱਚ ਪਾ ਕੇ ਘਰ ਲੈ ਆਉਂਦੇ ਸਾਂ। ਮਾਂ ਗਰਮ-ਗਰਮ ਚਾਵਲ ਤੇ ਮੋਟੀਆਂ-ਮੋਟੀਆਂ ਰੋਟੀਆਂ ਨਾਲ ਥਾਲੀ ਵਿੱਚ ਪਰੋਸ ਦਿੰਦੀ ਸੀ। ਮੈਨੂੰ ਹੁਣ ਐਨੀ ਭੁੱਖ ਲੱਗੀ ਹੈ। ਪੇਟ ਵਿੱਚ ਘੁਲ-ਮਿਲ ਹੋ ਰਹੀ ਹੈ। ਖਾਣਾ ਕਿਥੋਂ ਮਿਲੇਗਾ?

ਉਸ ਨੇ ਆਪਣੀਆਂ ਨਜ਼ਰਾਂ ਨੂੰ ਇੱਧਰ-ਉੱਧਰ ਘੁਮਾਇਆ। ਕੁਝ ਬੱਚੇ ਗੰਦੇ ਕੱਪੜੇ ਪਾਏ, ਮੂੰਹ ਤੇ ਹੱਥ ਮੈਲ ਦੀ ਪਰਤ ਨਾਲ ਲਿਬੜੇ ਹੋਏ, ਵਾਲ ਮਿੱਟੀ ਨਾਲ ਉਲਝੇ, ਥੋੜੀ ਦੂਰ ਧਰਤੀ ਤੇ ਬੈਠੇ, ਪੱਤਲਾਂ ਵਿੱਚ ਪੂੜੀਆਂ ਤੇ ਛੋਲੇ ਖਾ ਰਹੇ ਸਨ। ਉਹ ਹੌਲੀ-ਹੌਲੀ ਉਨ੍ਹਾਂ ਬੱਚਿਆਂ ਵੱਲ ਵਧੀ। ਬਿਨਾ ਕੁੱਝ ਪੁੱਛੇ ਜਾਂ ਕਹੇ ਉਨ੍ਹਾਂ 'ਚੋਂ ਇਕ ਕੁੜੀ ਨੇ ਉਸ ਨੂੰ ਇਕ ਪੂੜੀ ਤੇ ਥੋੜੇ ਜਿਹੇ ਛੋਲੇ ਦੇ ਦਿੱਤੇ। ਉਨ੍ਹਾਂ ਦਾ ਧਿਆਨ ਪੂਰਾ-ਪੂਰਾ ਰੋਟੀ ਖਾਣ ਵਿੱਚ ਸੀ। ਖਾ ਕੇ , ਉਨ੍ਹਾਂ ਆਪਣੇ ਹੱਥ ਆਪਣਿਆਂ ਗੰਦਿਆਂ ਕੱਪੜਿਆਂ ਨਾਲ ਪੂੰਝ ਲਏ ਤੇ ਫਿਰ ਉਹਦੇ ਬਾਰੇ ਪੁੱਛਣ ਲੱਗੇ।!

ਉਹਦੀਆਂ ਗੱਲ੍ਹਾਂ ਅੱਥਰੂਆਂ ਨਾਲ ਭਰ ਗਈਆਂ ਹਨ, ਤੇ ਉਹ ਇਹ ਸੋਚਣ ਲੱਗੀ ਕਿ, ਮੈਂ ਇੱਥੇ ਕਿਸ ਤਰ੍ਹਾਂ ਪੁੱਜੀ। ਕੱਲ ਤੱਕ ਤਾਂ ਮੈਂ ਉਸ ਆਂਟੀ ਦੇ ਘਰ ਰਹਿ ਰਹੀ ਸਾਂ। ਆਂਟੀ ਨੇ ਮੈਨੂੰ ਨੌਕਰ ਰੱਖ ਲਿਆ ਸੀ। ਇਕ ਹੋਰ ਮਾਸੀ ਪਿੰਡ ਦੀ ਮੈਨੂੰ ਆਪਣੇ ਨਾਲ ਦਿੱਲੀ ਲੈ ਆਈ ਸੀ। ਸਾਡੀ ਆਪਣੀ ਗਾਂ, ਗੋਰੀ ਚਿੱਟੀ ਗਾਂ, ਕਾਲੀਆਂ-ਕਾਲੀਆਂ ਅੱਖਾਂ ਵਾਲੀ, ਜਿਵੇਂ ਵਲੈਤੀ ਗਾਂ ਹੋਵੇ, ਅਚਾਨਕ ਹੀ ਮਰ ਗਈ ਸੀ। ਅਸੀਂ ਤਾਂ ਉਸੇ ਦੀ ਦਿੱਤੀ ਰੋਟੀ ਖਾਂਦੇ ਸਾਂ ਅਤੇ ਦੁੱਧ ਵੇਚ ਕੇ ਹੀ ਸਾਡਾ ਪਰਿਵਾਰ ਚੱਲਦਾ ਸੀ। ਉਸ ਦਿਨ ਮਾਂ ਬਹੁਤ ਰੋਈ। ਉਸ ਨੂੰ ਰੋਂਦਿਆਂ ਦੇਖ ਕੇ ਮੈਂ ਵੀ ਰੋਣ ਲੱਗ ਪਈ।

ਸਾਡਾ ਮਾੜਾ ਹਾਲ ਵੇਖ ਕੇ ਪਿੰਡ ਦੀ ਉਹਿਓ ਮਾਸੀ ਨੇ ਸੁਝਾਅ ਦਿੱਤਾ। ਮੇਰੇ ਪਿਤਾ ਜੀ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ, ਵੀਰਾ, ਇਸ ਨੂੰ ਸ਼ਹਿਰ ਭੇਜੋ! ਉਥੇ ਬੜਾ ਕੰਮ ਹੈ ਤੇ ਸੌਖਾ ਹੀ ਮਿਲ ਵੀ ਜਾਂਦਾ ਹੈ। ਪੈਸੇ ਵੀ ਵਧੇਰੇ ਮਿਲਦੇ ਹਨ। ਮੈਂ ਇਸ ਦੀ ਜ਼ਿੰਮੇਵਾਰੀ ਲੈਂਦੀ ਹਾਂ। ਛੱਡ ਕੇ ਆਵਾਂਗੀ ਤੇ ਲੈ ਕੇ ਵੀ ਆਵਾਂਗੀ ਅਤੇ ਉਸ ਨੇ ਕਹਿੰਦਿਆਂ, ਝੱਟ ਹੀ ਪੰਜ ਹਜ਼ਾਰ ਰੋਕੜੇ ਮੇਰੇ ਪਿਤਾ ਜੀ ਦੇ ਹੱਥ ਫੜਾ ਦਿੱਤੇ। ਜਦੋਂ ਉਹ ਸ਼ਹਿਰ ਵੱਲ ਟੁਰੀ ਤਾਂ ਮੈਨੂੰ ਵੀ ਨਾਲ ਲੈ ਆਈ।

ਸਭ ਕੁੱਝ ਨਵਾਂ-ਨਵਾਂ ਤੇ ਉਪਰਾ-ਉਪਰਾ ਜਾਪਦਾ ਸੀ। ਇੱਕ ਦਫ਼ਤਰ ਰਾਹੀਂ ਮਾਸੀ ਨੇ ਮੈਨੂੰ ਇਕ ਆਂਟੀ ਦੇ ਘਰ ਨੌਕਰੀ ਲਗਵਾ ਦਿੱਤਾ। ਉਸ ਆਂਟੀ ਦੇ ਦੋ ਬੱਚੇ ਨੇ, ਵੱਡਾ ਮੁੰਡਾ ਤੇ ਛੋਟੀ ਕੁੜੀ। ਮੁੰਡਾ ਮੇਰੇ ਹਾਣ ਦਾ ਹੈ। ਆਂਟੀ ਨੇ ਮੈਨੂੰ ਮੂੰਹ ਹੱਥ ਧੋਣ ਨੂੰ ਕਿਹਾ, ਜਦ ਮੈਂ ਅੱਛੀ ਤਰ੍ਹਾਂ ਆਪਣਾ ਮੂੰਹ-ਹੱਥ ਧੋ ਕੇ ਸਾਫ਼ ਕਰ ਲਿਆ ਤਾਂ ਮੈਨੂੰ ਇਕ ਸਾਫ਼ ਜੋੜੀ ਕੱਪੜਿਆਂ ਦੀ ਦੇ ਕੇ ਬਦਲਣ ਨੂੰ ਕਿਹਾ। ਉਹਦੇ ਬਾਅਦ ਮੈਨੂੰ ਕਿਹਾ, "ਲੈ ਸਬਜ਼ੀ ਕੱਟ" ਖੜੇ ਹੋ ਕੇ ਹੀ ਸਾਰਾ ਕੰਮ ਕਰਨਾ ਪੈਂਦਾ ਸੀ। ਮੈਂ ਖਲੋਤੇ-ਖਲੋਤੇ ਥੱਕ ਜਾਂਦੀ ਸਾਂ। ਪਿੰਡ ਵਿੱਚ ਤੇ ਮਾਂ ਮੈਥੋਂ ਕੁਝ ਕੰਮ ਨਾ ਕਰਵਾਉਂਦੀ ਸੀ, ਤੇ ਜੇਕਰ ਕੰਮ ਕਰਨਾ ਹੀ ਹੋਵੇ ਤਾਂ ਮਾਂ ਤੇ ਮੈਂ ਚੁੱਲ੍ਹੇ ਕੋਲ ਬੈਠ ਕੇ ਸਾਰੇ ਕੰਮ ਭੁਗਤਾਂਦੀਆਂ ਸਾਂ। ਸਬਜ਼ੀ ਕੱਟਣੀ, ਆਟਾ ਗੁੰਨ੍ਹਣਾ ਤੇ ਰੋਟੀਆਂ ਸੇਕਣਾ, ਇੰਨੇ ਸਮੇਂ ਵਿੱਚ ਦਾਲ ਤਾਂ ਪੱਕ ਹੀ ਜਾਂਦੀ ਸੀ, ਪਰ ਇੱਥੇ ਤਾਂ ਬਰਤਨ ਧੋਣ ਦਾ ਕੰਮ ਵੀ ਖਲੋ ਕੇ ਹੀ ਕਰਨਾ ਪੈਂਦਾ ਸੀ, ਉਹ ਵੀ ਦਿਨ ਵਿੱਚ ਤਿੰਨ ਵਾਰੀ। ਸਾਰਾ ਦਿਨ ਸਫਾਈਆਂ, ਝਾੜੂ-ਪੋਚਾ ਤੇ ਇੱਧਰ-ਉੱਧਰ ਦੇ ਕੰਮ ਕਰਨ ਵਿੱਚ ਹੀ ਨਿਕਲ ਜਾਂਦਾ। ਕਦੇ-ਕਦੇ ਉਹ ਖਾਣਾ ਬਾਹਰੋਂ ਮੰਗਾ ਲੈਂਦੇ। ਉਸ ਦਿਨ ਮੈਂ ਵੱਡੇ ਕਮਰੇ ਵਿੱਚ ਬੈਠ ਕੇ ਟੈਲੀਵਿਜ਼ਨ ਦੇਖ ਲੈਂਦੀ। ਪੀਜ਼ਾ ਦੀ ਸੁਗੰਧ ਮੈਨੂੰ ਬਹੁਤ ਚੰਗੀ ਲੱਗਦੀ। ਬਹੁਤੀ ਵਾਰੀ ਉਹ ਪੀਜ਼ਾ ਹੀ ਮੰਗਵਾਉਂਦੇ ਸਨ। ਇਹ ਨਾਂ ਵੀ ਮੈਂ ਉਨ੍ਹਾਂ ਦੇ ਮੂੰਹੋਂ ਹੀ ਸੁਣਿਆ ਸੀ। ਜਦੋਂ ਉਹ ਖਾ ਲੈਂਦੇ ਸਨ ਤੇ ਵੱਡਾ ਡੱਬਾ ਖਾਲੀ ਹੋ ਕੇ ਮੇਰੇ ਹੱਥਾਂ ਵਿੱਚ ਆ ਜਾਂਦਾ ਤਾਂ ਇਕ ਚਾਕੂ ਨਾਲ ਮੈਂ ਉਸ ਨੂੰ ਖਰੋਚਦੀ। ਕੁੱਝ ਨਾ ਕੁੱਝ ਤਾਂ ਮੈਨੂੰ ਮਿਲ ਹੀ ਜਾਂਦਾ ਖਾਣ ਲਈ, ਉਂਝ ਤਾਂ ਮੇਰੇ ਨਸੀਬ ਵਿੱਚ ਕੁਝ ਮੋਟੀਆਂ-ਮੋਟੀਆਂ ਰੋਟੀਆਂ ਤੇ ਥੋੜੀ ਕੁ ਦਾਲ ਹੀ ਸੀ।

ਮੇਰੀਆਂ ਅੱਖਾਂ ਵਿੱਚ ਮਾਂ ਤੇ ਬਾਬਾ ਦੀ ਸ਼ਕਲ ਤਰਦੀ ਰਹਿੰਦੀ। ਜੀਅ ਕਰਦਾ ਕਿ ਝਟ-ਪਟ ਕਿਵੇਂ, ਮੈਂ ਉਨ੍ਹਾਂ ਕੋਲ ਪਰਤ ਜਾਵਾਂ। ਆਪਣੇ ਭੈਣਾ-ਭਰਾਵਾਂ ਕੋਲ ਪਹੁੰਚ ਜਾਵਾਂ!! ਇਸ ਠੰਡੇ ਤੇ ਕਠੋਰ ਸ਼ਹਿਰ ਵਿੱਚ ਰਹਿਣਾ ਵੀ ਮੁਸ਼ਕਿਲ ਹੈ। ਇੱਥੇ ਰਹਿਣਾ ਕਿਸ ਨੂੰ ਚੰਗਾ ਲੱਗਦਾ ਹੈ। ਮੇਰੀਆਂ ਅੱਖਾਂ ਅੱਥਰੂਆਂ ਵਿੱਚ ਡੁੱਬੀਆਂ ਰਹਿੰਦੀਆਂ। ਮੇਰੇ ਹੰਝੂ ਦੇਖ ਆਂਟੀ ਕਹਿੰਦੀ "ਕੰਮ ਕਰ! ਬਾਅਦ ਵਿੱਚ ਰੋ ਲਈਂ।"

ਇਕ ਦਿਨ ਉਹ ਆਪਣੇ ਆਪ ਨੂੰ ਕਾਬੂ ਨਾ ਕਰ ਸਕੀ। ਰੋਂਦਿਆਂ-ਰੋਂਦਿਆਂਓ_ਹਦੀਆਂਚ ਿਕਾਂ ਨਕਲਗ ਈਆਂ।[ ਇਕਤ`ਸ ਭਕ_ਝ ਉਪਰਾ-ਉਪਰਾ ਤੇ ਇਕ ਉਪਰਿਆਂ ਵਿੱਚ ਰਹਿਣਾ ਤੇ ਫਿਰ ਰੋਣ ਦਾ ਵੀ ਹੱਕ ਨਹੀਂ।

ਆਂਟੀ ਨੇ ਮੈਨੂੰ ਚਪੇੜ ਕੱਢ ਮਾਰੀ, ਮੇਰਾ ਸਿਰ ਘੁੰਮਣ ਲੱਗਾ ਤੇ ਮੇਰਾ ਰੋਣਾ ਚੁੱਪ ਹੋਣ ਦੀ ਬਜਾਏ ਵੱਧ ਗਿਆ। ਮੈਂ ਚੁੱਪ ਕੀਤੀ ਹੰਝੂ ਵਹਾਂਦੀ ਰਹੀ ਤੇ ਨਾਲ-ਨਾਲ ਕੰਮ ਵੀ ਕਰਦੀ ਰਹੀ।

ਰਾਤੀਂ ਮੈਂ ਗੈਲਰੀ ਵਿੱਚ ਇਕ ਪਤਲੇ ਜਿਹੇ ਗੱਦੇ ਤੇ ਅਤੇ ਉਸ ਤੋਂ ਵੀ ਪਤਲੀ ਰਜ਼ਾਈ ਲੈ ਕੇ ਸੌਂ ਜਾਂਦੀ। ਐਨਾ ਕੁ ਥੱਕ ਜਾਂਦੀ ਸੀ ਕਿ ਲੇਟਦਿਆਂ ਹੀ ਡੂੰਘੀ ਨੀਂਦਰ ਆ ਜਾਂਦੀ।

...ਉਹ ਆਪਣੀ ਆਂਟੀ ਦੇ ਬੱਚਿਆਂ ਦੇ ਸਕੂਲ ਸਾਹਮਣੇ ਕਾਰ ਵਿੱਚ ਬੈਠੀ ਹੈ। ਕਿੰਨਾ ਵੱਡਾ ਸਕੂਲ ਹੈ, ਮਹਿਲ ਵਰਗਾ, ਉਚਾ ਸੁਨਹਿਰਾ

ਫਾਟਕ, ਉਚੀਆਂ-ਉਚੀਆਂ ਲਾਲ ਕੰਧਾਂ, ਹਰਾ-ਹਰਾ ਘਾਹ ਤੇ ਸਾਰੇ ਬੱਚਿਆਂ ਦੀਆਂ ਇਕੋ ਜਿਹੀਆਂ ਵਰਦੀਆਂ, ਜਿਵੇਂ ਸਿਪਾਹੀ ਕਵੈਦ ਕਰਦੇ ਹੋਣ। ਸਾਡੇ ਪਿੰਡ ਵਿੱਚ ਤਾਂ ਸਕੂਲ ਦਾ ਕੋਠੜਾ ਢਹਿ ਰਿਹਾ ਹੈ ਤੇ ਬੈਂਚ ਵੀ ਟੁੱਟੇ-ਫੁੱਟੇ ਹਨ। ਬਹੁਤੇ ਬੱਚੇ ਪੜ੍ਹਨ ਹੀ ਨਹੀਂ ਆਉਂਦੇ ਕਿਉਂਕਿ ਪੜ੍ਹਾਣ ਵਾਲੀਆਂ ਹੀ ਨਹੀਂ ਆਉਂਦੀਆਂ। ਇਨ੍ਹਾਂ ਨੂੰ ਦੇਖ ਕੇ ਮੇਰਾ ਮਨ ਲਲਚਾ ਉਠਦਾ ਹੈ ਕਿ ਮੈਂ ਵੀ ਇਨ੍ਹਾਂ ਵਾਂਗ ਪੜ੍ਹਨ ਲਈ ਇਹੋ ਜਿਹੇ ਸਕੂਲ ਵਿੱਚ ਆਵਾਂ।

ਫਿਰ ਝੱਟ ਹੀ ਮੈਂ ਉਦਾਸ ਹੋ ਜਾਂਦੀ ਹਾਂ। ਕੰਮ ਕਰਦਿਆਂ ਪਹਿਲੇ ਨੰਬਰ ਤੇ ਆਈ ਹਾਂ। ਮੇਰੇ ਬਾਬਾ ਤੇ ਮਾਂ ਸਕੂਲ ਆਏ ਨੇ, ਮੈਂ ਜਮਾਤ ਵਿੱਚ ਅਵੱਲ ਆਉਣ ਦਾ ਅਹਿਸਾਸ ਲੈ ਰਹੀ ਹਾਂ।

ਉਹ ਸੋ ਰਹੀ ਸੀ ਕਿ ਉਸ ਨੂੰ ਜਾਪਿਆ ਕਿ ਉਹਦੀ ਚੱਦਰ ਉਤਰ ਗਈ ਹੈ। ਉਹਨੇ ਚਾਦਰ ਨੂੰ ਉਪਰ ਖਿਚਿਆ ਪਰ ਫਿਰ ਉਹ ਫਿਰ ਉਹਦੇ ਪੈਰਾਂ ਵੱਲ ਖਿਸਕਣ ਲੱਗੀ। "ਮੈਂ ਉਠ ਬੈਠੀ।" ਕਿਸੇ ਨੇ ਮੈਨੂੰ ਪਿੱਛੇ ਧੱਕਿਆ। ਇਕ ਹੱਥ ਮੇਰੇ ਮੂੰਹ ਨੂੰ ਦਬਾ ਰਿਹਾ ਸੀ ਕਿ ਕਿਤੇ ਮੇਰੀ ਚੀਕ ਨਾ ਨਿਕਲ ਜਾਏ। ਪਰ ਉਸ ਤੋਂ ਪਹਿਲਾਂ ਹੀ ਚੀਕ ਦੀ ਚਿੰਗਾਰੀ ਨਿਕਲ ਚੁੱਕੀ ਸੀ।

ਮੇਰੀਆਂ ਨੀਂਦ ਭਰੀਆਂ ਅੱਖਾਂ ਇਸ ਹੈਵਾਨ ਦੇ ਮੂੰਹ ਨੂੰ ਲੱਭਣ ਲੱਗੀਆਂ। ਉਹ ਪਰਛਾਵਾਂ ਤਾਂ ਝਟਪਟ ਪਿਛਲੇ ਕਮਰੇ ਵਿੱਚ ਅਲੋਪ ਹੋ ਗਿਆ। ਮੈਨੂੰ ਜਾਪਦਾ ਸੀ ਕਿ ਆਂਟੀ ਮੇਰੀ ਚੀਕ ਸੁਣ ਕੇ ਆ ਜਾਵੇਗੀ ਤੇ ਜੇ ਉਸ ਨੂੰ ਸੱਚ ਦੱਸਿਆ ਤੇ ਉਹ ਮੈਨੂੰ ਹੀ ਕੁੱਟ ਕਢੇਗੀ। ਮੈਨੂੰ ਇੰਨੀ ਸਮਝ ਆ ਗਈ ਕਿ ਉਹ ਹੱਥ ਆਂਟੀ ਦੇ ਭਣੇਵੇਂ ਦਾ ਸੀ, ਜਿਹੜਾ ਕਿਸੇ ਕੰਮ ਲਈ ਲਖਨਊ ਤੋਂ ਦਿੱਲੀ ਆਇਆ ਸੀ। ਬਾਕੀ ਦੀ ਰਾਤ ਮੈਂ ਜਾਗਦਿਆਂ ਕੱਟੀ, ਸੋਚਦੀ ਰਹੀ ਕਿ ਕੀ ਕਰਾਂ ਮੈਂ।

ਉਹਦੀ ਇਹ ਸੋਚ ਕਿ ਪਿੰਡ ਦੀ ਮਾਸੀ ਨੂੰ ਦੱਸੇ! ਪਰ ਕਿਸ ਤਰ੍ਹਾਂ ? ਅਗਰ ਮਾਂ ਕੋਲ ਹੁੰਦੀ ਤਾਂ ਉਸ ਨੂੰ ਪੂਰੀ ਗੱਲ ਖੋਹਲ ਕੇ ਦੱਸਦੀ। ਆਣ ਤੋਂ ਪਹਿਲਾਂ ਮਾਂ ਨੇ ਉਸ ਨੂੰ ਇਨ੍ਹਾਂ ਗੱਲਾਂ ਬਾਰੇ ਪੂਰੀ ਤਰ੍ਹਾਂ ਸਮਝਾਇਆ ਸੀ। ਪਰ ਭੋਲੀ ਮਾਂ ਨੂੰ ਕੀ ਪਤਾ ਸੀ ਕਿ ਜਿਹੜਾ ਰਖਵਾਲਾ ਹੁੰਦਾ ਹੈ, ਉਹੀ ਵਾਰ ਕਰਦਾ ਹੈ।

ਕਬੂਤਰਾਂ ਦੀ ਗੁਟਰ ਗੂੰ-ਗੁਟਰ ਗੂੰ ਨੇ ਉਨ੍ਹਾਂ ਨੂੰ ਸਵੱਖਤੇ ਹੀ ਜਗਾ ਦਿੱਤਾ। ਸਹਿਮ ਨਾਲ ਉਹ ਆਪਣੇ ਆਪ ਵਿੱਚ ਸਿਮਟ ਗਈ। ਸੋਚਣ ਲੱਗੀ ਕਿ ਉਸ ਸਮੇਂ ਦਾ ਸਾਹਮਣਾ ਉਹ ਕਿਵੇਂ ਕਰੇ। ਪਰ ਉਸ ਨੇ ਮੇਰੇ ਵੱਲ ਧਿਆਨ ਨਾ ਦਿੱਤਾ ਜਿਵੇਂ ਰਾਤੀਂ ਕੋਈ ਗੱਲ ਹੋਈ ਹੀ ਨਾ ਹੋਵੇ।

ਹੁਣ ਰਾਤੀਂ ਉਹ ਗੈਲਰੀ ਵਿੱਚ ਸੌਣਾ ਨਹੀਂ ਚਾਹੁੰਦੀ ਸੀ, ਜਦ ਰਾਤੀਂ ਸਾਰੇ ਸੌਂ ਗਏ ਤਾਂ ਉਸ ਨੇ ਰਸੋਈ ਵਿੱਚ ਜਾ ਕੇ ਆਪਣਾ ਬਿਸਤਰਾ ਕਰ ਲਿਆ ਤੇ ਦਰਵਾਜ਼ੇ ਨੂੰ ਕੁੰਡੀ ਲਗਾ ਲਈ ਅਤੇ ਲੇਟ ਗਈ। ਥੋੜ੍ਹੀ ਦੇਰ ਬਾਅਦ ਉਸ ਨੂੰ ਗੈਲਰੀ ਵਿੱਚੋਂ ਕਿਸੇ ਦੇ ਕਦਮਾਂ ਦੀ ਆਵਾਜ਼ ਆਈ। ਉਸ ਨੇ ਆਪਣਾ ਸਾਹ ਵੀ ਰੋਕ ਲਿਆ, ਪਰ ਉਹ ਪੈਰ ਰਸੋਈ ਵੱਲ ਨਹੀਂ ਵਧੇ।

ਅਗਲੇ ਦਿਨ ਆਂਟੀ ਨੇ ਉਸ ਨੂੰ ਰਸੋਈ ਵਿੱਚ ਸੁਤਿਆ ਨੂੰ ਜਗ੍ਹਾ ਦਿੱਤਾ।

ਖ਼ੂਬ ਡਾਂਟ ਪਈ।

"ਤੈਨੂੰ ਮੈਂ ਕੀ ਕਿਹਾ ਸੀ ਕਿ ਤੂੰ ਰਸੋਈ ਵਿੱਚ ਨਹੀਂ ਸੌਣਾ। ਗੈਲਰੀ, ਮੈਂ ਗੈਲਰੀ ਕਿਹਾ ਸੀ। ਤੈਨੂੰ ਸਮਝ ਆਉਂਦੀ ਹੈ ਜਾਂ ਨਹੀਂ ਆਹ ਹੈ ਗੈਲਰੀ 'ਤੇ ਤੂੰ ਇੱਥੇ ਸੋਣਾ ਹੈ। ਠੀਕ ਸਮਝ ਆਈ? ਉਹ ਉਸ ਦਾ ਕੰਨ ਪਕੜ ਕੇ ਉਸ ਨੂੰ ਗੈਲਰੀ ਵੱਲ ਲੈ ਗਈ।

...ਉਹ ਪਿਆਜ਼ ਕੱਟ ਰਹੀ ਸੀ ਤੇ ਉਨ੍ਹਾਂ ਦੀ ਕੜਵੀ ਮੁਸ਼ਕ ਸਾਰੇ ਘਰ ਵਿੱਚ ਫੈਲ ਰਹੀ ਸੀ। ਜਿਵੇਂ-ਜਿਵੇਂ ਪਿਆਜ਼ਾਂ ਦਾ ਬਰਫੀਲਾ ਸਫ਼ੇਦ ਤੇ ਬੈਂਗਨੀ ਰੰਗ ਦਾ ਢੇਰ ਥਾਲੀ ਵਿੱਚ ਲੱਗਦਾ ਜਾਂਦਾ ਤੇ ਨਾਲ ਹੀ ਉਸ ਦੇ ਹੰਝੂ ਵੱਧਦੇ ਜਾਂਦੇ। ਨਾਲ-ਨਾਲ ਉਸਦੀਆਂ ਆਪਣੀਆਂ ਉਂਗਲਾਂ ਘਿਰਾ ਰਹੀਆਂ ਸਨ। ਆਂਟੀ ਨੇ ਮਸਾਲੇਦਾਰ ਗੋਭੀ ਜੁ ਬਨਾਣੀ ਸੀ।

ਉਸ ਦੀਆਂ ਨਜ਼ਰਾਂ ਪਾਣੀ ਨਾਲ ਭਰੀਆਂ ਹੋਈਆਂ ਸਨ ਪਰ ਉਸ ਦੇ ਕੰਨ ਵਿੱਚ ਪਛਾਣੀ-ਪਛਾਣੀ ਭਾਸ਼ਾ ਤੇ ਆਵਾਜ਼ਾਂ ਪੈ ਰਹੀਆਂ ਸਨ। ਦੋ ਆਵਾਜ਼ਾਂ ਸਾਦਰੀ ਬੋਲ ਰਹੀਆਂ ਸਨ। ਉਸ ਦਾ ਦਿਲ ਭਰ ਆਇਆ ਪਰ ਉਹ ਰੋ ਨਾ ਸਕੀ। ਅੱਖਾਂ ਤਾਂ ਪਹਿਲਾਂ ਹੀ ਪਾਣੀ ਨਾਲ ਭਰੀਆਂ ਸਨ 'ਤੇ ਉਠ ਕੇ ਉਹ ਘਰ ਦੇ ਵੱਡੇ ਕਮਰੇ ਵੱਲ ਵਧੀ। ਉਥੇ ਦੋ ਅਣਜਾਨ ਆਦਮੀ ਖੜੇ ਸਨ। ਉਹ ਗੱਲਾਂ ਕਰ ਰਹੇ ਸਨ। ਕੁੱਝ ਪੈਸਿਆਂ ਦੀਆਂ ਤੇ ਕੁੱਝ ਮਹੀਨਿਆਂ ਦੀਆਂ ਪਰ ਬੋਲੀ ਉਸ ਦੀ ਝਾੜਖੰਡ ਦੀ ਭਾਸ਼ਾ ਸੀ। ਉਹ ਬੜੀ ਦੇਰ ਪਰਦੇ ਦੇ ਪਿੱਛੇ ਛੁਪ ਕੇ ਉਨ੍ਹਾਂ ਦੀਆਂ ਗੱਲਾਂ-ਬਾਤਾਂ ਸੁਣਦੀ ਰਹੀ। ਉਸ ਨੂੰ ਪੂਰੀ ਗੱਲ ਸਮਝ ਤਾਂ ਨਾ ਆਈ ਪਰ ਆਂਟੀ ਨੇ ਥੋੜ੍ਹੀ ਬਹਿਸ ਕਰਨ ਤੋਂ ਬਾਅਦ, ਕੁੱਝ ਪੈਸੇ ਉਨ੍ਹਾਂ ਦੇ ਹੱਥ ਫੜਾਏ। ਆਂਟੀ ਨੇ ਫਿਰ ਇਹਨੂੰ ਉੱਚੀ ਵਾਜ ਮਾਰ ਕੇ ਸੱਦ ਕੇ ਕਿਹਾ, " ਜਾ ਦਰਵਾਜ਼ਾ ਬੰਦ ਕਰ!"

ਪਤਾ ਨਹੀਂ ਕਿ ਉਹਦੇ ਮਨ ਵਿੱਚ ਕੀ ਆਇਆ ਪਰ ਉਹ ਸਾਦਰੀ ਭਾਸ਼ਾ ਬੋਲਣ ਵਾਲਿਆਂ ਨਾਲ ਹੀ ਰਹਿਣਾ ਚਾਹੁੰਦੀ ਸੀ। ਕੋਈ ਅਪਨਤ ਸੀ ਇਹ! ਕਿ ਉਹ ਉਨ੍ਹਾਂ ਤੋਂ ਅਲੱਗ ਨਹੀਂ ਸੀ ਹੋਣਾ ਚਾਹੁੰਦੀ। ਕੋਈ ਤਾਂ ਉਹਦੇ ਵਰਗਾ ਬੋਲਦਾ ਸੀ ਤੇ ਉਹਦੇ ਵਾਂਗ ਹੀ ਦਿਸਦਾ ਸੀ।

ਉਹ ਸਗੋਂ ਉਨ੍ਹਾਂ ਦੇ ਪਿੱਛੇ-ਪਿੱਛੇ ਬਾਹਰ ਨਿਕਲ ਗਈ ਤੇ ਆਪਣੇ ਪਿੱਛੇ ਦਰਵਾਜ਼ਾ ਬੰਦ ਕਰ ਦਿੱਤਾ। ਉਹ ਚੱਲਦੀ ਗਈ, ਉਨ੍ਹਾਂ ਦੇ ਪਿੱਛੇ-ਪਿੱਛੇ। ਆਂਟੀ ਦਾ ਘਰ ਤੇ ਬਗੀਚਾ ਪਿੱਛੇ ਰਹਿ ਗਿਆ, ਨੇੜੇ ਦੀ ਮਾਰਕਿਟ ਵੀ ਪਿੱਛੇ ਹੀ ਰਹਿ ਗਈ। ਪਰ ਉਹ ਉਨ੍ਹਾਂ ਅਜਨਬੀਆਂ ਪਿੱਛੇ ਹੀ ਤੁਰਦੀ ਗਈ। ਉਨ੍ਹਾਂ ਅਜਨਬੀਆਂ ਨੇ ਵੀ ਉਸ ਵੱਲ ਕੋਈ ਧਿਆਨ ਨਾ ਦਿੱਤਾ। ਉਹ ਆਪਸ ਵਿੱਚ ਹੀ ਗੱਲਾਂ ਕਰਦੇ, ਬੀੜੀ ਪੀਂਦੇ ਅੱਗੇ ਵੱਧ ਰਹੇ ਸਨ। ਅਚਾਨਕ ਉਨ੍ਹਾਂ ਨੇ ਇਕ ਵੱਡੇ ਸਾਰੇ ਗੇਟ ਨੂੰ ਪਾਰ ਕਰ ਲਿਆ ਤੇ ਕੁੱਝ ਕੁ ਪੌੜੀਆਂ ਉਤਰ ਕੇ ਟੋਕਨ ਸਲਾਟ ਵਿੱਚ ਪਾ ਕੇ ਮੈਟਰੋ ਦੇ ਬੈਰੀਅਰ ਨੂੰ ਟੱਪ ਗਏ।

ਉਹ ਦੇਖਦੀ ਹੀ ਰਹਿ ਗਈ ਪਰ ਉਹ ਦੋਨੋਂ ਗਾਇਬ ਹੋ ਗਏ। ਉਸ ਨੇ ਬੜਾ ਇੱਧਰ-ਉਧਰ, ਮੁੜ ਕੇ ਦੇਖਿਆ ਪਰ ਕੋਈ ਵੀ ਇਮਾਰਤ ਉਨ੍ਹਾਂ ਨੂੰ ਪਛਾਣੀ ਹੋਈ ਨਹੀਂ ਜਾਪੀ। ਹੁਣ ਸੋਚਦੀ ਰਹੀ ਕਿ ਆਂਟੀ ਦਾ ਘਰ ਕਿੱਥੇ ਤੇ ਉਸ ਦਾ ਪਿੰਡ ਕਿੱਥੇ? ਆਲੇ-ਦੁਆਲੇ ਦੇਖਦਿਆਂ ਉਹ ਘਬਰਾ ਗਈ। ਉਸ ਨੂੰ ਲੱਗਾ ਕਿ ਦੁਨੀਆ ਬਹੁਤ ਮੋਕਲੀ ਹੈ ਤੇ ਉਹ ਇਕੱਲੀ ਹੈ। ਉਹ ਬੜੀ ਦੇਰ ਤਾਂਈ ਉਥੇ ਹੀ ਖਲੋਤੀ ਰਹੀ ਤੇ ਫਿਰ ਮੈਟਰੋ ਦੀਆਂ ਪੌੜੀਆਂ ਤੇ ਬੈਠ ਗਈ।

ਦੁਪਹਿਰ ਢੱਲ ਗਈ ਤੇ ਸ਼ਾਮ ਉਤਰ ਆਈ, ਉਸ ਨੂੰ ਮਾੜੀ-ਮਾੜੀ ਠੰਡ ਲੱਗੀ। ਉਸ ਨੂੰ ਯਾਦ ਆਇਆ ਕਿ ਪਿੰਡ ਦੇ ਖੂਹ ਕੋਲ , ਉਹ ਦੁਪਹਿਰ ਨੂੰ ਸੌਂ ਜਾਇਆ ਕਰਦੀ ਸੀ। ਉਦੋਂ ਉਸ ਨੂੰ ਕੋਈ ਡਰ ਜਾਂ ਖੌਫ਼ ਨਹੀਂ ਸੀ। ਬਿਲਕੁਲ ਮਾਸੂਮ ਬੱਚਿਆਂ ਦੀ ਤਰ੍ਹਾਂ ਉਹ ਉਥੇ ਹੀ ਸ਼ਾਮ ਤੱਕ ਸੁੱਤੀ ਰਹਿੰਦੀ ਸੀ।

ਇੱਥੇ ਆਪਣੇ ਆਲੇ-ਦੁਆਲੇ ਅਜਨਬੀ ਬੱਚਿਆਂ ਨੂੰ ਦੇਖ ਕੇ ਉਸ ਨੇ ਸੋਚਿਆ ਕਿ ਉਹ ਇੱਥੇ ਹਰਗਿਜ਼ ਨਹੀਂ ਰਹੇਗੀ। ਆਪਣੇ ਪਿੰਡ ਮੁੜ ਜਾਵੇਗੀ। ਉਸ ਨੇ ਸੋਚਿਆ ਕਿ, ਕੱਲ੍ਹ ਮੈਂ ਆਂਟੀ ਦਾ ਘਰ ਲੱਭਾਂਗੀ ਤੇ ਉਸ ਨੂੰ ਮਜਬੂਰ ਕਰਾਂਗੀ ਕਿ ਮੈਨੂੰ ਪਿੰਡ ਭੇਜ ਦੇਵੇ।

ਉਹ ਸੋਚਦੀ ਰਹੀ, ਸੋਚਦੀ ਰਹੀ!! 'ਤੇ ਉਸ ਨੇ ਆਪਣੀ ਸਮਝ ਲੜਾ ਕੇ ਇਹ ਸੋਚਿਆ ਕਿ ਸਾਦਰੀ ਬੋਲਣ ਵਾਲੇ ਉਹ ਦੋ ਆਦਮੀ ਸ਼ਾਇਦ ਉਸੇ ਹੀ ਦਫ਼ਤਰ ਦੇ ਸਨ, ਜਿਨ੍ਹਾਂ ਨੇ ਉਸ ਨੂੰ ਆਂਟੀ ਦੇ ਘਰ ਘੱਲਿਆ ਸੀ। ਸ਼ਾਇਦ ਉਸ ਨੂੰ ਲਭਦਿਆਂ-ਲਭਦਿਆਂ ਉਹ ਵਾਪਿਸ ਆ ਜਾਣ! ਉਹ ਉਨ੍ਹਾਂ ਅੱਗੇ ਬਿਨਤੀ ਕਰੇਗੀ ਕਿ ਉਸ ਨੂੰ ਪਿੰਡ ਭੇਜ ਦਿੱਤਾ ਜਾਵੇ।

ਇਹ ਸਭ ਕੁੱਝ ਸੋਚਦਿਆਂ-ਸੋਚਦਿਆਂ ਭੁੱਖੀ ਭਾਣੀ ਉਹ ਮੈਟਰੋ ਦੀਆਂ ਪੌੜੀਆਂ ਤੇ ਸੌਂ ਗਈ।

ਉਹ ਦੋਨੋਂ ਜਣੇ ਆਏ। ਉਸ ਨੂੰ ਲਭਦਿਆਂ? ਉਨ੍ਹਾਂ ਨੇ ਉਸ ਨੂੰ ਬਹੁਤ ਝਾੜਿਆ ਤੇ ਥੱਪੜ ਵੀ ਲਗਾਏ ਕਿ ਉਸ ਨੂੰ ਪੂਰੀ ਤਰ੍ਹਾਂ ਇਹ ਸਮਝ ਆ ਜਾਏ ਕਿ ਉਹ ਕਿਧਰੇ ਨਹੀਂ ਜਾ ਸਕਦੀ। "ਕਿੱਧਰੇ ਵੀ ਨਹੀਂ, ਇਕ ਸਾਲ ਤੱਕ ਇੱਥੇ ਹੀ ਰਹਿਣਾ ਹੈ, ਆਂਟੀ ਦੇ ਕੋਲ" ਉਨ੍ਹਾਂ ਨੇ ਕਿਹਾ।

"ਪਰ ਉਨ੍ਹਾਂ ਹੱਥਾਂ ਦਾ ਕੀ? ਨਿਰਦਈ ਖਰੋਚਦੇ ਹੱਥ! ਰਾਤ ਦੀ ਡੂੰਘਾਈ ਵਿੱਚ ਜਿਹੜੇ ਮੇਰੇ ਤੇ ਵਾਰ ਕਰਦੇ ਨੇ! ਮੇਰੇ ਹੋਠਾਂ ਨੂੰ ਮਸਲਦੇ ਨੇ! ਤੇ ਮੇਰੇ ਅੰਦਰ ਪ੍ਰਵੇਸ਼ ਕਰਦੇ ਤੇ ਮੇਰੀ ਅੰਤਰ ਆਤਮਾ ਨੂੰ ਝੰਜੋੜਦੇ ਨੇ।

ਉਨ੍ਹਾਂ ਹੱਥਾਂ ਦਾ ਕੀ ਕਰਾਂ? ਉਹਨੇ ਪੁੱਛਿਆ। ਉਨ੍ਹਾਂ ਦਾ ਕੀ ਆਪਣਾ ਆਪ ਸੰਭਾਲ! ਕਮਰਾ ਬੰਦ ਕਰਕੇ ਚਿਟਖਨੀ ਲਗਾ ਕੇ ਸੌਂ। ਅਸੀਂ ਕੁੱਝ ਨਹੀਂ ਕਰ ਸਕਦੇ। ਅਸੀਂ ਆਂਟੀ ਤੋਂ ਪੈਸੇ ਲੈ ਚੁੱਕੇ ਹਾਂ, ਮੋੜ ਤੇ ਨਹੀਂ ਸਕਣੇ! ਤੇਰੇ ਪਿਉ ਨੂੰ ਪੈਸੇ ਦੇ ਚੁੱਕੇ ਹਾਂ। ਯਾਦ ਏ?

ਉਹ ਤਿਲਮਿਲਾਈ, ਰੋਈ, ਚੀਕੀ ਤੇ ਵਾਪਿਸ ਆਂਟੀ ਦੇ ਘਰ ਜਾਣ ਤੋਂ ਇਨਕਾਰ ਕੀਤਾ।

ਹੁਣ ਉਨ੍ਹਾਂ ਨੇ ਉਸ ਨੂੰ ਪੁਚਕਾਰਿਆ "ਅੱਛਾ! ਅੱਛਾ! ਤੂੰ ਹੁਣ ਚੰਗੀ ਕੁੜੀ ਬਣ ਤੇ ਸਾਡੇ ਨਾਲ ਸਿੱਧੀ ਤਰ੍ਹਾਂ ਟੁਰ ਪੈ, ਬੀਬੀ ਰਾਣੀ! ਅਸੀਂ ਆਂਟੀ ਨੂੰ ਕਹਿ ਦਿਆਂਗੇ ਕਿ ਤੇਰਾ ਧਿਆਨ ਰੱਖੇ।

"ਚੱਲ ਹੁਣ"

ਇਕ ਪਾਸਿਉਂ ਪੱਕੀ ਤਰ੍ਹਾਂ ਉਸ ਦਾ ਹੱਥ ਪਕੜ ਲਿਆ, ਇਕ ਨੇ ਤੇ ਦੂਸਰੇ ਪਾਸਿਓਂ ਦੂਜੇ ਨੇ। ਦੋਨੋਂ ਸਾਦਰੀ ਬੋਲ ਰਹੇ ਸਨ। ਪਰ ਹੁਣ ਉਸ ਨੂੰ ਉਹ ਇਤਨੀ -ਇਤਨੀ ਪਿਆਰੀ ਚੰਗੀ ਬੋਲੀ ਨਹੀਂ ਸੀ ਲੱਗ ਰਹੀ।

"ਤੈਨੂੰ ਨਹੀਂ ਪਤਾ ਕਿ ਅਸੀਂ ਨਾ ਆਉਂਦੇ ਤਾਂ ਤੇਰਾ ਇੱਥੇ ਮੈਟਰੋ ਕੀ ਦਹਿਲੀਜ਼ ਤੇ ਕੀ ਹਸ਼ਰ ਹੋਣਾ ਸੀ। ਭੋਲੀ ਨਾ ਬਣ, ਤੇਰੀ ਤਰ੍ਹਾਂ ਹਜ਼ਾਰਾਂ ਕੁੜੀਆਂ ਦਿੱਲੀ ਦੀਆਂ ਸੜਕਾਂ ਤੇ ਰੁਲ ਰਹੀਆਂ ਨੇ ਚੰਗੀ ਤਰ੍ਹਾਂ ਟੁਰ। ਸਾਲ ਬਾਦ ਦੇਖਾਂਗੇ ਕਿ ਤੇਰਾ ਕੀ ਕਰਨੈ। ਹੁਣ ਚੱਲ!

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਸ਼ਹੀਦ ਭਗਤ ਸਿੰਘ ਦਾ ਅਕਸ ਅਤੇ ਨੌਜਵਾਨ

*ਡਾ. ਸ਼ਿਆਮ ਸੁੰਦਰ ਦੀਪਤੀ*

ਅੱਜ ਜਦੋਂ ਨੌਜਵਾਨਾਂ ਬਾਰੇ ਕੋਈ ਵੀ ਕਿਤੇ ਵੀ ਗੱਲ ਤੁਰਦੀ ਹੈ ਤਾਂ ਇਹੀ ਟਿੱਪਣੀ ਮਿਲਦੀ ਹੈ ਕਿ ਅੱਜ ਦਾ ਨੌਜਵਾਨ ਦਿਸ਼ਾਹੀਣ ਹੈ, ਅਨੁਸ਼ਾਸਨ ਰਹਿਤ ਹੈ, ਅਵਾਰਾਗਰਦ, ਖਾਓ-ਪੀਓ ਅਤੇ ਰਾਤੋ ਰਾਤ ਅਮੀਰ ਹੋਣ ਵਾਲੀ ਪ੍ਰਵਿਰਤੀ ਨਾਲ ਜੁੜਿਆ ਹੈ। ਉਸ ਬਾਰੇ ਇਕ ਤਰ੍ਹਾਂ ਦੀ ਲਿਸਲਿਸੀ ਅਤੇ ਪੋਲੀ ਜਿਹੀ ਤਸਵੀਰ ਉਭਾਰੀ ਜਾਂਦੀ ਹੈ। ਸਾਰੇ ਸੁਣਨ ਵਾਲੇ ਹਾਮੀ ਭਰਦੇ ਹੋਏ ਇਸ ਤਸਵੀਰ ਵਿਚ ਆਪਣੇ ਰੰਗ ਭਰਨੇ ਸ਼ੁਰੂ ਕਰ ਦਿੰਦੇ ਹਨ। ਪਰ ਕੀ ਅਸੀਂ ਖੁਦ ਗੰਭੀਰਤ ਨਾਲ ਇਹ ਸੋਚਿਆ ਹੈ ਕਿ ਕਿਸ਼ੋਰਾਂ ਜਾਂ ਨੌਜਵਾਨਾਂ ਦੇ ਇਸ ਵਤੀਰੇ ਦਾ ਕਾਰਨ ਕੀ ਹੈ। ਕੀ ਉਨ੍ਹਾਂ ਦੇ ਆਲੇ-ਦੁਆਲੇ ਸਮਾਜ ਵਿਚ ਹਨੇਰਾ ਹੈ ਜਾਂ ਉਹ ਕੁਝ ਦੇਖਣਾ ਹੀ ਨਹੀਂ ਚਾਹੁੰਦੇ ਜਾਂ ਦੇਖਣ ਨੂੰ ਕੁਝ ਹੈ ਹੀ ਨਹੀਂ। ਅੱਜ ਦੇ ਨੌਜਵਾਨ ਨੂੰ ਅਜਿਹੇ ਦੌਰ ਵਿਚ ਧੱਕਣ ਵਾਲਾ ਕੌਣ ਹੈ।



ਸ਼ਹੀਦ ਭਗਤ ਸਿੰਘ ਦੀ ਗੱਲ ਨੌਜਵਾਨਾਂ ਦੇ ਸੰਦਰਭ ਵਿਚ ਇਸ ਲਈ ਕਰਨੀ ਬਣਦੀ ਹੈ ਕਿ ਸ਼ਹੀਦ ਭਗਤ ਸਿੰਘ ਆਪਣੀ ਤੇਈ ਸਾਲਾਂ ਦੀ ਉਮਰ ਵਾਲਾ ਅਕਸ ਛੱਡ ਕੇ ਆਪਣੇ ਸਮਾਜ ਅਤੇ ਦੇਸ਼ ਲਈ ਹੱਸਦੇ-ਹੱਸਦੇ ਕੁਰਬਾਨ ਹੋ ਗਿਆ। ਅੱਜ ਜੇਕਰ ਉਹ ਮੌਜੂਦਾ ਭਾਰਤੀ ਵਾਤਾਵਰਣ ਅਤੇ ਖੁਰਾਕ ਦੀ ਸਥਿਤੀ ਨੂੰ ਹੰਢਾਉਂਦਾ ਜਿਉਂਦਾ ਰਹਿ ਗਿਆ ਹੁੰਦਾ ਤਾਂ ਸੌ ਦਾ ਆਂਕੜਾ ਪਾਰ ਕਰ ਗਿਆ ਹੁੰਦਾ। ਉਹ ਕਿਹੋ ਜਿਹਾ ਹੁੰਦਾ, ਇਸੇ ਦੇ ਅੰਦਾਜ਼ੇ ਲਗਾਉਣ ਤੋਂ ਬਿਹਤਰ ਹੈ ਕਿ ਉਹ ਉਸ ਨੌਜਵਾਨੀ ਦੇ ਪੜਾਅ ਵੇਲੇ ਕਿਹੋ ਜਿਹਾ ਸੀ, ਇਹ ਜਾਣੀਏ-ਸਮਝੀਏ। ਉਸ ਦੀ ਜੋ ਤਸਵੀਰ ਪੇਸ਼ ਕੀਤੀ ਜਾਂਦੀ ਹੈ, ਉਹ ਨੌਜਵਾਨਾਂਨੂੰ ਅ ਾਕਰਸ਼ਿਤਕ ਰਦੀਹ ੈ ,ਪ ਰ ਇਸਤ ੋਂਅ ੱਗੇਓ_ਸਦ ੀ ਵਿਚਾਰਧਾਰਾ ਨੂੰ ਸਮਝਣ ਅਤੇ ਨੌਜਵਾਨਾਂ ਵਿਚ ਲੈ ਕੇ ਜਾਣ ਦੀ ਲੋੜ ਹੈ।

ਮਨੋਵਿਗਿਆਨਕ ਤੱਥ ਹੈ ਕਿ ਹਰ ਉਮਰ ਦੀ ਆਪਣੀ ਇਕ ਪਛਾਣ ਹੁੰਦੀ ਹੈ। ਇਸੇ ਤਰ੍ਹਾਂ ਹੀ ਹਰ ਉਮਰ ਦੀ ਇਕ ਆਪਣੀ ਸਿਰਜਣਾਤਮਕ ਸ਼ਕਤੀ ਹੁੰਦੀ ਹੈ। ਉਸ ਸਿਰਜਣਾਤਮਕ ਸ਼ਕਤੀ ਨੂੰ ਹੀ ਜੇ ਸਹੀ ਰਾਹ ਮਿਲੇ ਤਾਂ ਵਿਅਕਤੀ ਦੀ ਪਛਾਣ ਬਣਦੀ ਹੈ। ਮਨੁੱਖੀ ਹੋਂਦ ਵਿਚ 'ਪਛਾਣ' ਇਕ ਅਜਿਹਾ ਮਾਨਸਿਕ ਵਰਤਾਰਾ ਹੈ, ਜੋ ਹਰ ਵਿਅਕਤੀ ਹਾਸਲ ਕਰਨਾ ਚਾਹੁੰਦਾ ਹੈ ਤੇ ਕਰ ਕੇ ਹੀ ਰਹਿੰਦਾ ਹੈ। ਫਿਰ ਉਹ ਪਛਾਣ ਨਸ਼ਿਆਂ ਦੀ ਵਰਤੋਂ ਨਾਲ, ਅਪਵਾਦ ਜਿਹੀਆਂ ਹਿਆਵਾਂ, ਨਵੇਂ ਢੰਗ ਦੇ ਕਪੜੇ, ਅਜੀਬ ਤਰ੍ਹਾਂ ਦੇ ਵਾਲ, ਤੇਜ਼ ਰਫਤਾਰੀ ਮੋਟਰ ਸਾਈਕਲ ਤੇ ਇੱਥੋਂ ਤੱਕ ਕਿ ਗਾਲ਼ਾਂ ਕੱਢ ਕੇ ਤੇ ਹੋਰ ਅਜਿਹੇ ਅਨੇਕਾਂ ਪ੍ਰਗਟਾਵਿਆਂ ਵਿਚ ਹੁੰਦੀ ਹੈ।

ਹੁਣ ਇਸ ਨਾਲ ਸਵਾਲ ਖੜਾ ਹੁੰਦਾ ਹੈ ਕਿ ਇਹ ਸਿਰਜਣਾਤਮਕ ਸਹੀ ਵਹਾਅ ਕਿਉਂ ਨਹੀਂ ਹੈ। ਸਭ ਤੋਂ ਕੇਂਦਰੀ ਨੁਕਤਾ ਇਸ ਦਿਸ਼ਾ ਵਿਚ ਹੈ ਕਿ ਸਭ ਨੂੰ ਬਰਾਬਰ ਮੌਕੇ ਹੀ ਨਹੀਂ ਮਿਲਦੇ। ਸਮਾਜ ਵਿਚ ਨਾਬਰਾਬਰੀ ਦੀ ਇਕ ਬਹੁਤ ਵੱਡੀ ਖਾਈ ਹੈ।

ਦੇਸ਼ ਦੀ ਅਜ਼ਾਦੀ ਨਾਲ ਜੋ ਸੁਪਨੇ ਜੁੜੇ ਸੀ, ਉਹ ਪੂਰੇ ਤਾਂ ਕੀ ਹੋਣੇ ਸੀ, ਸਗੋਂ ਉਸ ਵਿਚ ਨਿਘਾਰ ਆਇਆ ਹੈ। ਕਿਸ਼ੋਰਾਂ, ਨੌਜਵਾਨਾਂ ਦੀ ਸਿਰਜਣਾਤਮਕ ਸ਼ਕਤੀ ਦੀ ਪਛਾਣ ਕਿਸ ਨੇ ਕਰਨੀ ਹੁੰਦੀ ਹੈ। ਮਾਂ-ਪਿਓ, ਅਧਿਆਪਕ, ਮੋਹਤਬਰ ਪਤਵੰਤੇ ਸਮਾਜ ਦੇ ਨਾਇਕਾਂ ਨੇ ਜਾਂ ਇਤਿਹਾਸ ਦੇ ਨਾਇਕ-ਨਾਇਕਾਵਾਂ ਤੋਂ ਹੀ ਸੇਧ ਲਈ ਜਾ ਸਕਦੀ ਹੈ।

ਇਹ ਵੀ ਇਕ ਮਨੋਵਿਗਿਆਨਕ ਸੱਚਾਈ ਹੈ ਕਿ ਮਨੁੱਖ ਨੂੰ ਗਤੀਸ਼ੀਲ ਹੋਣ ਲਈ ਇਕ 'ਆਦਰਸ਼' ਦੀ ਲੋੜ ਹੁੰਦੀ ਹੈ। ਮਨੁੱਖ ਨੂੰ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ, ਇਕ ਸਮਾਜਿਕ ਪ੍ਰਾਣੀ ਵਾਲਾ ਗਤੀਸ਼ੀਲ ਸਰੋਤ ਚਾਹੀਦਾ ਹੁੰਦਾ ਹੈ, ਜਦੋਂ ਕਿ ਜਾਨਵਰਾਂ ਨੂੰ ਗਤੀਸ਼ੀਲਤਾ ਉਸ ਦੇ ਸਰੀਰਕ ਰਸਾਇਣ ਅਤੇ ਹਾਰਮੋਨਜ਼ ਪਹੁੰਚਾਉਂਦੇ ਹਨ। ਪਰ ਆਪਾਂ ਆਪਣੇ ਅੰਦਰ ਝਾਤੀ ਮਾਰੀਏ ਕਿ ਨੌਜਵਾਨਾਂ ਦੀ ਸਿਰਜਣਾਤਮਕਤਾ ਪਛਾਨਣ ਵਿਚ ਕੌਣ ਕਿੰਨੀ ਭੂਮਿਕਾ ਅਦਾ ਕਰ ਰਿਹਾ ਹੈ। ਕੀ ਨੌਜਵਾਨਾਂ ਸਾਹਮਣੇ ਕੋਈ ਆਦਰਸ਼ ਜਾਂ ਪ੍ਰੇਰਣਾਸਰੋਤ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਜ ਸਿਰਜਣਾ ਅਤੇ ਇਸ ਦੀ ਉਸਾਰੀ ਸਮੂਹਿਕ ਹੋਣੀ ਚਾਹੀਦੀ ਹੈ। ਇਕ ਨੌਜਵਾਨ ਨੂੰ ਜ਼ੁੰਮੇਵਾਰ ਸਮਾਜਿਕ ਪ੍ਰਾਣੀ ਬਣਾਉਣ ਲਈ ਸਭ ਦਾ ਬਰਾਬਰ ਦਾ ਯੋਗਦਾਨ ਲੋੜੀਂਦਾ ਹੈ, ਪਰ ਹੌਲੀ-ਹੌਲੀ ਇਹ ਨਿੱਜ ਵੱਲ ਵਧ ਰਹੀ ਹੈ।

ਇਸ ਦਿਸ਼ਾ ਵਿਚ ਜੇਕਰ ਮੀਡੀਆ (ਟੈਲੀਵੀਜ਼ਨ) ਭਾਵੇਂ ਲੱਖਾਂ ਘਰਾਂ ਵਿਚ ਹੈ ਤੇ ਭਾਵੇਂ ਉਹ ਸਾਰੇ ਘਰਾਂ ਵਿਚ ਇੱਕੋ ਸੀਰੀਅਲ ਚੱਲ ਰਿਹਾ ਹੈ। ਉਹ ਸਾਂਝੀ ਸਮਝ ਵੰਡਦਾ ਨਜ਼ਰ ਆਉਂਦਾ ਹੈ, ਪਰ ਟੈਲੀਵੀਜ਼ਨ ਲੋਕਾਂ ਨੂੰ ਸਮੂਹਿਕ ਹੋਣ ਤੋਂ ਤੋੜਦਾ ਹੈ ਤੇ ਟੈਲੀਵੀਜ਼ਨ 'ਤੇ ਪੇਸ਼ ਹੋ ਰਹੇ ਸੀਰੀਅਲ, ਉਨ੍ਹਾਂ ਨੂੰ ਨਿੱਜੀ ਹਿੱਤਾਂ ਲਈ ਜਿਊਣ ਦੇ ਰਾਹ ਦਿਖਾਉਂਦੇ ਹਨ।

ਭਗਤ ਸਿੰਘ ਦੀ ਜਨਮ ਸ਼ਤਾਬਦੀ ਦੌਰਾਨ ਭਗਤ ਸਿੰਘ ਨੂੰ ਸਾਰੀਆਂ ਸਮਾਜਿਕ ਤੇ ਰਾਜਨੀਤਕ ਧਿਰਾਂ ਨੇ ਆਪਣੀ ਸਮਰੱਥਾ, ਯੋਗਤਾ ਅਤੇ ਸਮਝ ਮੁਤਾਬਕ ਉਭਾਰਿਆ। ਇਸ ਦੀਆਂ ਮੁੱਛਾਂ ਨੂੰ ਵੱਟ ਦਿੰਦਿਆਂ, ਪਿਸਤੌਲ ਫੜੀ ਤਸਵੀਰਾਂ ਵੀ ਵਿਕੀਆਂ, ਸੰਧੂਆਂ ਦਾ ਕਾਕਾ ਬਣ ਕੇ ਇਹ ਕਾਰਾਂ, ਟਰੱਕਾਂ 'ਤੇ ਵੀ ਛਾਇਆ। ਉਸ ਦੀ ਤਸਵੀਰ ਵਾਲੇ ਜੇਬੀ ਕਾਰਡਾਂ ਤੋਂ ਲੈ ਕੇ, ਚਾਬੀਆਂ ਵਾਲੇ ਛੱਲੇ ਵੀ ਵਿਕੇ। ਉਸ ਦੇ ਨਾਲ ਕੁਝ ਗੰਭੀਰ ਕਾਰਜ ਵੀ ਹੋਏ। ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲੈ ਕੇ ਖੋਜ ਕਾਰਜ ਵੀ ਹੋਏ ਤੇ ਕਿਤਾਬਾਂ ਵੀ ਛਪੀਆਂ।

ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਭਗਤ ਸਿੰਘ ਦਾ ਵਿਚਾਰਧਾਰਕ ਪੱਖ, ਜੋ ਲੁਕਿਆ-ਛੁਪਿਆ ਰਿਹਾ, ਉਸ ਨੂੰ ਜੇਕਰ ਸੰਖੇਪ ਸ਼ਬਦਾਂ ਵਿਚ

ਕਹਿਣਾ ਹੋਵੇ ਤਾਂ ਉਹ ਇਕ ਚਿੰਤਕ ਦਾ ਅਕਸ ਹੈ, ਉਹ ਇਕ ਵਿਸ਼ੇਲਸ਼ਣੀ ਭਗਤ ਸਿੰਘ ਦਾ ਹੈ। ਇਸ ਛੋਟੀ ਜਿਹੀ ਉਮਰ ਵਿਚ ਉਸ ਨੇ ਭਾਵੇਂ ਬਹੁਤਾ ਨਹੀਂ ਲਿਖਿਆ, ਪਰ ਜੋ ਕੁਝ ਵੀ ਲਿਖਿਆ, ਉਸ ਦੀ ਸਮਝ ਵਿਚ ਸਪੱਸ਼ਟਤਾ ਸੀ ਅਤੇ ਉਸ ਦੀ ਸੋਚ ਵਿਗਿਆਨਕ ਸੀ। ਉਸ ਦੀ ਕਾਰਜ ਪ੍ਰਣਾਲੀ ਦਾ ਆਧਾਰ ਅਤੇ ਉਸ ਦੀਆਂ ਸਾਰੀਆਂ ਲਿਖਤਾਂ ਦਾ ਕੇਂਦਰੀ ਵਿਚਾਰ ਇੱਕੋ ਹੀ ਹੈ-ਸਮਾਜਿਕ ਬਰਾਬਰੀ। ਸਭ ਲਈ ਵਿਕਾਸ ਕਰਨ ਲਈ ਬਰਾਬਰ ਮੌਕੇ। ਭਗਤ ਸਿੰਘ ਚਾਹੇ ਆਪ ਲਿਖਦਾ ਹੈ ਜਾਂ ਜੇਲ੍ਹ ਦੌਰਾਨ ਆਪਣੀ ਡਾਇਰੀ ਵਿਚ ਕਿਸੇ ਵਿਦਵਾਨ ਦੇ ਵਿਚਾਰ ਉਤਾਰਦਾ ਅਤੇ ਰੇਖਾਂਕਿਤ ਕਰਦਾ ਹੈ, ਉਹ ਸਭ ਉਸ ਦੀ ਆਪਣੀ ਸਮਝ ਦਾ ਹੀ ਪ੍ਰਗਟਾਵਾ ਹਨ। ਉਸ ਦੀ ਜੇਲ੍ਹ ਡਾਇਰੀ ਵਿਚ ਦਰਜ ਮਾਰਕ ਟਵੇਨ ਦੇ ਇਹ ਸ਼ਬਦ 'ਅਸੀਂ ਇਸ ਗੱਲ ਨੂੰ ਭਿਆਨਕ ਮੰਨਦੇ ਹਾਂ ਕਿ ਲੋਕਾਂ ਦੀਆਂ ਧੌਣਾਂ ਉਡਾਈਆਂ ਜਾਂਦੀਆਂ ਹਨ, ਪਰ ਸਾਨੂੰ ਇਹ ਦੇਖਣਾ ਨਹੀਂ ਸਿਖਾਇਆ ਜਾਂਦਾ ਕਿ ਜ਼ਿੰਦਗੀ ਭਰ ਲੰਮੀ, ਉਹ ਮੌਤ ਕਿੰਨੀ ਭਿਆਨਕ ਹੈ, ਜਿਹੜੀ ਗਰੀਬੀ ਅਤੇ ਤਾਨਾਸ਼ਾਹੀ ਪੂਰੀ ਆਬਾਦੀ ਉੱਤੇ ਲੱਦਦੀ ਹੈ।' ਉਸ ਦੀ ਸਮਾਜਵਾਦੀ ਵਿਚਾਰਧਾਰਾ ਦੀ ਪ੍ਰਤੀਕ ਹੈ। ਇਸ ਸਮਝ ਨਾਲ ਹੀ ਮੇਲ ਖਾਂਦੇ ਉਸਦੇ ਆਪਣੇ ਸ਼ਬਦ, 'ਸਿਰਫ ਸਮਾਜ ਦਾ ਭਲਾ ਚਾਹੁਣ ਨਾਲ ਉਹ ਭਾਵੇਂ ਕਿੰਨੀ ਵੀ ਨੇਕ ਨੀਅਤੀ, ਸੱਚੇ ਦਿਲੋਂ ਤੇ ਕੁਰਬਾਨੀ ਦੇ ਪੁਤਲੇ ਵਜੋਂ ਵਿਚਾਰਿਆ ਗਿਆ ਹੋਵੇ, ਦੇਸ਼ ਵਿਚੋਂ ਗਰੀਬੀ ਤੇ ਲੁੱਟ ਦਾ ਖਾਤਮਾ ਨਹੀਂ ਕਰ ਸਕਦੇ। ਇਸ ਦੇ ਲਈ ਸਮਾਜਿਕ ਸ਼ਕਤੀ ਪੈਦਾ ਕਰਨ ਦੀ ਲੋੜ ਹੁਦੀ ਹੈ।' ਭਾਵ ਲੋੜ ਹੈ ਸਮਾਜਿਕ ਬਰਾਬਰੀ ਦੀ। ਇਸੇ ਲਈ ਭਗਤ ਸਿੰਘ ਕਹਿੰਦਾ ਹੈ, 'ਜਦੋਂ ਤੱਕ ਆਰਥਿਕ ਨਾਬਰਾਬਰੀ ਹੈ, ਉਦੋਂ ਤੱਕ ਕੋਈ ਬਰਾਬਰੀ ਨਹੀਂ ਹੋ ਸਕਦੀ। ਨਾ ਹੀ ਰਾਜਨੀਤਕ, ਨਾ ਹੀ ਕਾਨੂੰਨਨ ਤੇ ਮੌਜੂਦਾ ਭਾਰਤੀ ਦ੍ਰਿਸ਼ ਇਹ ਸਭ ਸਪੱਸ਼ਟ ਕਰਦਾ ਹੈ।'

ਅੱਜ ਦਾ ਨੌਜਵਾਨ ਕੀ ਚਾਹੁੰਦਾ ਹੈ। ਜਾਂ ਕਹੀਏ ਕਿ ਅੱਜ ਦੀ ਨੌਜਵਾਨੀ ਦਾ ਸੰਕਟ ਕੀ ਹੈ। ਇਸ ਉਮਰ ਦੀਆਂ ਵਿਸ਼ੇਸ਼ਤਾਵਾਂ ਅਤੇ ਵਿਲੱਖਤਾਵਾਂ ਕੀ ਹਨ। ਮਨੁੱਖੀ ਮਨ ਦੇ ਵਿਕਾਸ ਦੀ ਪ੍ਰਕਿਰਿਆ ਸਦੀਆਂ ਤੋਂ ਉਹੀ ਹੈ, ਉਹ ਤਬਦੀਲ ਨਹੀਂ ਹੋਈ। ਉਸ ਦਾ ਆਲਾ-ਦੁਆਲਾ ਬਦਲਦਾ ਹੈ ਤੇ ਮਨੁੱਖੀ ਮਨ ਦਾ ਪ੍ਰਗਟਾਵਾ ਬਦਲ ਜਾਂਦਾ ਹੈ। ਇਕ ਮਾਹੌਲ ਦੇਸ਼ ਲਈ ਲੜਨ ਵਾਲੇ ਨੂੰ ਦੇਸ਼ ਭਗਤ ਕਹਿੰਦਾ ਹੈ ਤੇ ਉਹੀ ਨੌਜਵਾਨੀ ਦਾ ਜੋਸ਼ ਜਦੋਂ ਹੋਰ ਮਾਹੌਲ ਵਿਚ ਸਮਾਜਿਕ ਕੁਰੀਤੀਆਂ ਬਾਰੇ ਝੰਡਾ ਚੁੱਕਦਾ ਹੈ ਤਾਂ ਦੇਸ਼ ਉਸ ਨੂੰ ਖਤਰਾ ਘੋਸ਼ਿਤ ਕਰ ਦਿੰਦਾ ਹੈ। ਜੇ ਉਸ ਨੂੰ ਕੋਈ ਸੇਧ ਨਹੀਂ ਮਿਲਦੀ ਜਾਂ ਉਹ ਭਟਕ ਜਾਂਦਾ ਹੈ ਤਾਂ ਵੀ ਇਸ ਦੀ ਜ਼ੁੰਮੇਵਾਰੀ ਸਾਨੂੰ ਕਬੂਲਣੀ ਚਾਹੀਦੀ ਹੈ। ਜੋ ਕੁਝ ਮਨੁੱਖੀ ਮਨ ਨੂੰ ਮਾਂ-ਪਿਓ ਨੇ, ਅਧਿਆਪਕਾਂ ਅਤੇ ਸਮਾਜ ਦੇ ਜ਼ੁੰਮੇਵਾਰ ਲੋਕਾਂ ਨੇ ਨੌਜਵਾਨਾਂ ਨੂੰ ਦੇਣਾ ਸੀ, ਉਹ ਨਹੀਂ ਦਿੱਤਾ। ਉਸ ਦੇ ਉਲਟ ਜੇ ਉਸ ਖਲਾਅ ਨੂੰ ਸਾਡਾ ਮੀਡੀਆ ਭਰ ਰਿਹਾ ਹੈ ਤਾਂ ਸਾਨੂੰ ਬੁਰਾ ਲੱਗਦਾ ਹੈ। ਨੌਜਵਾਨਾਂ ਨੂੰ ਬਿਨਾਂ ਕੁਝ ਦਿੱਤੇ, ਬਿਨਾਂ ਕਿਸੇ ਰਾਹ 'ਤੇ ਪਾਇਆਂ, ਅਸੀਂ ਕਿਵੇਂ ਉਮੀਦ ਕਰ ਸਕਦੇ ਹਾਂ, ਕਿਵੇਂ ਉਨ੍ਹਾਂ ਨੂੰ ਕਸੂਰਵਾਰ ਠਹਿਰਾ ਸਕਦੇ ਹਾਂ ਕਿ ਉਨ੍ਹਾਂ ਨੇ ਠੀਕ ਰਾਹ ਨਹੀਂ ਚੁਣਿਆ। ਨੌਜਵਾਨਾਂ ਨੂੰ ਰਾਹ ਅਸੀਂ ਦਿਖਾਉਣਾ ਸੀ। ਉਨ੍ਹਾਂ ਦੇ ਸੁਪਨਿਆਂ ਨੂੰ ਅਸੀਂ ਸਮਝਣਾ ਸੀ ਤੇ ਉਨ੍ਹਾਂ ਸੁਪਨਿਆਂ ਵਿਚ ਸੱਚਾਈ ਦੇ ਰੰਗ ਅਸੀਂ ਭਰਨੇ ਸੀ।

ਕੀ ਭਗਤ ਸਿੰਘ ਦੇ ਸੁਪਨੇ, ਇਨ੍ਹਾਂ ਨੌਜਵਾਨਾਂ ਦੇ ਸੁਪਨੇ ਨਹੀਂ ਜਾਂ ਇਸ ਤਰ੍ਹਾਂ ਕਹੀਏ ਕਿ ਇਹ ਨੌਜਵਾਨ ਆਪਣੀਆਂ ਖਾਹਿਸ਼ਾਂ, ਆਪਣੇ ਸੁਪਨੇ ਅਤੇ ਆਪਣੀਆਂ ਉਮੀਦਾਂ ਭਗਤ ਸਿੰਘ ਵਿਚ ਨਹੀਂ ਦੇਖ ਸਕਦੇ। ਭਗਤ ਸਿੰਘ ਦੀ ਸੋਚ,ਉਸ ਦੀ ਵਿਚਾਰਧਾਰਾ ਅਤੇ ਉਸ ਦਾ ਤੇਈ ਸਾਲ ਵਾਲਾ ਅਕਸ ਇਸ ਲਈ ਉਭਾਰਨ ਦੀ ਲੋੜ ਹੈ ਕਿ ਉਸ ਦੇ ਸੁਪਨੇ ਨੌਜਵਾਨ ਆਪਣੀਆਂ ਅੱਖਾਂ ਵਿਚ ਭਰ ਸਕਣ।

ਪਰ ਸਵਾਲ ਤਾਂ ਉਹੀ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਵੱਲ ਜਾਂਦਾ ਰਾਹ ਕੋਈ ਦਿਖਾਏ ਤਾਂ ਸਹੀ।

ਅੱਜ ਵੀ ਉਸ ਦਾ ਸੌਵਾਂ ਜਨਮ ਦਿਨ ਮਨਾ ਲੈਣ ਬਾਅਦ ਵੀ ਬਹੁਤਿਆਂ ਨੂੰ ਉਸ ਬਾਰੇ ਪਤਾ ਹੀ ਨਹੀਂ। ਜੇਕਰ ਪਿਛਲੇ ਪੰਜ ਸਾਲਾਂ ਵਿਚ ਸਿਨੇਮਾ ਨੇ ਕੁਝ ਕਾਰਜ ਕੀਤਾ ਹੈ ਤਾਂ ਬਹੁਤਿਆਂ ਦੇ ਮਨਾਂ ਵਿਚ ਉਸ ਦੀ ਧੁੰਧਲੀ ਅਤੇ ਗਲਤ ਤਸਵੀਰ ਹੀ ਬਣੀ ਹੈ। ਤੇ ਇਕ ਵਰਗ ਹੋਰ ਹੈ, ਜਿਨ੍ਹਾਂ ਨੂੰ ਭਗਤ ਸਿੰਘ ਬਾਰੇ ਪਤਾ ਹੈ, ਤਾਂ ਉਨ੍ਹਾਂ ਦੀ ਸੋਚ ਹੈ ਕਿ ਭਗਤ ਸਿੰਘ ਪੈਦਾ ਹੋਣ, ਜ਼ਰੂਰ ਹੋਣ, ਪਰ ਹੋਣ ਪੜੋਸੀਆਂ ਦੇ ਘਰ।

ਭਗਤ ਸਿੰਘ ਦੀ ਅੱਤਵਾਦੀ ਵਾਲੀ ਤਸਵੀਰ, ਉਸ ਦੀ ਬੰਦੂਕ ਫੜੀ ਫੋਟੋ, ਉਸ ਦੀ ਸਹੀ ਤਸਵੀਰ ਨਹੀਂ ਹੈ। ਉਹ ਉਸ ਦਾ ਅਸਲੀ ਅਕਸ ਨਹੀਂ ਉਭਾਰਦੀ। ਉਸ ਦੀ ਫਾਂਸੀ ਚੁੰਮਣ ਅਤੇ ਨੌਜਵਾਨੀ ਦੀ ਉਮਰ ਵਿਚ ਆਪਣੇ-ਆਪ ਨੂੰ ਕੌਮ ਦੇ ਲੇਖੇ ਲਾ ਕੇ ਤੁਰ ਜਾਣ ਵਾਲੀ ਸੋਚ-ਸਮਝ ਨੂੰ ਵੀ ਅਜੋਕੇ ਸਮੇਂ ਵਿਚ ਤਰਕਸ਼ੀਲ ਢੰਗ ਨਾਲ ਸਮਝਣ-ਸਮਝਾਉਣ ਦੀ ਲੋੜ ਹੈ।

ਨਾਲ ਹੀ ਇਹ ਗੱਲ ਵੀ ਵਿਚਾਰਨ ਦੀ ਲੋੜ ਹੈ ਕਿ ਅਸੀਂ ਭਗਤ ਸਿੰਘ ਪੈਦਾ ਹੋਣ ਦੀ ਗੱਲ ਕਿਉਂ ਸੋਚਦੇ ਹਾਂ। ਭਗਤ ਸਿੰਘ ਬਣਨ ਦੀ ਗੱਲ ਕਿਉਂ ਨਹੀਂ ਵਿਚਾਰਦੇ। ਅਸੀਂ ਕਿਉਂ ਚਾਹੁੰਦੇ ਹਾਂ ਕੋਈ ਆਵੇ, ਕੋਈ ਪੈਦਾ ਹੋਵੇ ਤੇ ਸਾਨੂੰ ਸਾਡੀਆਂ ਮੁਸ਼ਕਲਾਂ ਵਿਚੋਂ ਬਾਹਰ ਕੱਢੇ।


ਦਰਅਸਲ ਅਸੀਂ ਅਵਤਾਰਾਂ ਨੂੰ ਉਡੀਕਣ ਵਾਲੀ ਕੌਮ ਹਾਂ। ਜਦੋਂ ਪਾਪਾਂ ਦਾ ਘੜਾ ਭਰਦਾ ਹੈ, ਕੋਈ ਨਾ ਕੋਈ ਅਵਤਾਰ ਜਨਮ ਲੈਂਦਾ ਹੈ। ਇਸ ਸਮਝ ਮੁਤਾਬਕ ਅਸੀਂ ਪਾਪਾਂ ਦਾ ਘੜਾ ਭਰਨ ਦੀ ਪ੍ਰਕਿਰਿਆ ਨੂੰ ਤੱਕਦੇ ਹਾਂ ਤੇ ਫਿਰ ਰਾਮ-ਕ੍ਰਿਸ਼ਨ, ਤੇ ਇੱਥੋਂ ਤੱਕ ਕਿ ਬਾਬਾ ਨਾਨਕ ਨੂੰ ਵੀ ਆਵਾਜ਼ਾਂ ਮਾਰਦੇ ਹਾਂ। ਇਹੀ ਮਾਨਸਿਕ ਪ੍ਰਵਿਰਤੀ ਹੀ ਹੈ ਕਿ ਕੋਈ ਭਗਤ ਸਿੰਘ ਪੈਦਾ ਹੋਵੇ। ਅਸੀਂ ਭਗਤ ਸਿੰਘ ਨੂੰ ਕੋਈ ਅਦੁੱਤੀ ਗੈਬੀ ਪ੍ਰਤਿਭਾ ਨਾ ਬਣਾਈਏ। ਉਸ ਨੂੰ ਸਹਿਜਤਾ ਨਾਲ ਪੇਸ਼ ਕਰੀਏ। ਆਪਣੇ ਨੌਜਵਾਨਾਂ ਨੂੰ ਉਸ ਦੀ ਸੋਚ, ਵਿਚਾਰਧਾਰਾ ਦਾ ਹਾਣੀ ਹੋਣ ਦੇਈਏ। ਉਸ ਦੀ ਸਹਿਜਤਾ ਹੈ ਕਿ ਅਧਿਐਨ ਕੀਤਾ ਜਾਵੇ। ਅਜੋਕੇ ਸਮਾਜਿਕ ਮਾਹੌਲ ਨੂੰ ਸਮਝਣ ਅਤੇ ਬਦਲਣ ਲਈ ਦਲੀਲਾਂ ਦੇ ਅਧਿਐਨ ਰਾਹੀਂ, ਇਕ ਸੁਖਾਲੀ ਤੇ ਸਮਾਜਿਕ ਬਰਾਬਰੀ ਵਾਲੀ ਹਾਲਤ ਉਸਾਰਨ ਦਾ ਉਪਰਾਲਾ ਹੋਵੇ।

ਸ਼ਹੀਦ ਭਗਤ ਸਿੰਘ ਦਾ ਸਹੀ ਅਕਸ, ਨੌਜਵਾਨਾਂ ਦਾ ਆਦਰਸ਼ ਬਣ ਸਕਦਾ ਹੈ। ਸਾਨੂੰ ਸਥਿਤੀ ਨੂੰ ਸਾਂਭਣਾ ਚਾਹੀਦਾ ਹੈ। ਨੌਜਵਾਨਾਂ ਦੀ ਸਿਰਜਣਾਤਮਕ ਸ਼ਕਤੀ ਨੂੰ ਸਹੀ ਮੋੜ ਦੇਣ ਲਈ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਉਸ ਦੀ ਗੱਲ ਨੂੰ ਸਮਝਾਉਣ ਦੀ ਤਕਨੀਕ, ਨੌਜਵਾਨਾਂ ਦੇ ਸੁਪਨਿਆਂ ਨੂੰ ਸਹੀ ਸੇਧ ਦੇ ਸਕਦੀ ਹੈ। ਸਾਨੂੰ ਇਹ ਵੀ ਪਤਾ ਹੈ ਕਿ ਨੌਜਵਾਨਾਂ ਨੂੰ ਰਾਹ ਪਾਉਣ ਦੇ ਨਾਂਅ 'ਤੇ ਬਹੁਤੇ ਲੋਕ (ਚਾਹੇ ਰਾਜਨੀਤਕ ਤੇ ਚਾਹੇ ਧਾਰਮਿਕ) ਕੁਰਾਹੇ ਹੀ ਪਾਉਂਦੇ ਰਹੇ। ਅਸੀਂ ਜੋ ਇਹ ਮਹਿਸੂਸ ਕਰਦੇ ਹਾਂ ਕਿ ਭਗਤ ਸਿੰਘ ਦਾ ਰਾਹ ਅਤੇ ਉਸ ਦੀ ਸਮਝ ਇਕ ਚੰਗੇ ਸਮਾਜ ਦੀ ਸਿਰਜਕ ਵਾਲੀ ਸੋਚ ਸੀ ਤਾਂ ਸਾਨੂੰ ਆਪਣੇ ਨੌਜਵਾਨਾਂ ਨੂੰ ਸੰਭਾਲਣ ਲਈ ਉਸ ਅਕਸ ਨੂੰ ਅੱਗੇ ਲਿਆਉਣਾ ਚਾਹੀਦਾ ਹੈ।

# ਸਾਕਾ ਜਲ੍ਹਿਆਂਵਾਲਾ ਬਾਗ ਦੇ ਬੁੱਚੜ, ਜਨਰਲ ਡਾਇਰ ਅਤੇ ਸਰ ਮਾਈਕਲ ਉੱਡਵਾਇਰ

**ਬਲਰਾਜ ਸਿੰਘ ਸਿੱਧੂ**

ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਸੂਤਰਧਾਰ ਉਪਰੋਕਤ ਦੋਵੇਂ ਵਿਅਕਤੀ ਸਨ। ਦਿਮਾਗ ਉੱਡਵਾਇਰ ਦਾ ਅਤੇ ਹੱਥ ਡਾਇਰ ਦੇ ਸਨ। ਜਨਰਲ ਡਾਇਰ ਦਾ ਪੂਰਾ ਨਾਮ ਰੈਗੀਨਾਲਡ ਐਡਵਰਡ ਹੈਰੀ ਡਾਇਰ ਸੀ। ਉਸ ਦਾ ਜਨਮ 9 ਅਕਤੂਬਰ 1864 ਈ. ਨੂੰ ਅਣਵੰਡੇ ਪੰਜਾਬ ਦੀ ਮਸ਼ਹੂਰ ਪਹਾੜੀ ਸੈਰਗਾਹ ਮਰੀ ਵਿੱਚ ਹੋਇਆ ਸੀ। ਉਸ ਦੇ ਬਾਪ ਦੀ ਮਰੀ ਦੇ ਨਜ਼ਦੀਕ ਘੋੜਾਗਲੀ ਕਸਬੇ ਵਿੱਚ ਸ਼ਰਾਬ ਬਣਾਉਣ ਦੀ ਛੋਟੀ ਜਿਹੀ ਫੈਕਟਰੀ ਸੀ। ਉਸ ਨੇ ਸਕੂਲੀ ਵਿਦਿਆ ਸ਼ਿਮਲੇ ਦੇ ਮਸ਼ਹੂਰ ਬਿਸ਼ਪ ਕਾਟਨ ਸਕੂਲ ਤੋਂ ਹਾਸਲ ਕੀਤੀ ਅਤੇ ਰਾਇਲ ਮਿਲਟਰੀ ਕਾਲਜ ਸੈਂਡਹਰਸਟ (ਇੰਗਲੈਂਡ) ਤੋਂ ਗਰੈਜੂਏਸ਼ਨ ਕਰ ਕੇ 1885 ਵਿੱਚ ਬ੍ਰਿਟਿਸ਼ ਫੌਜ ਵਿੱਚ ਲੈਫਟੀਨੈਂਟ ਭਰਤੀ ਹੋ ਗਿਆ। ਜਲ੍ਹਿਆਂਵਾਲਾ ਬਾਗ ਕਾਂਡ ਵੇਲੇ ਉਸ ਦਾ ਅਸਲੀ ਰੈਂਕ ਕਰਨਲ ਸੀ ਪਰ ਉਸ ਨੂੰ ਬ੍ਰਿਗੇਡੀਅਰ ਜਨਰਲ ਦਾ ਆਰਜ਼ੀ ਅਹੁਦਾ ਮਿਲਿਆ ਹੋਇਆ ਸੀ। ਉਸ ਨੇ ਨੌਕਰੀ ਦੌਰਾਨ ਤੀਸਰੀ ਐਂਗਲੋ-ਬਰਮਾ ਯੁੱਧ, ਚਿਤਰਾਲ ਬਗਾਵਤ ਅਤੇ ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲਿਆ।



1919 ਈ. ਵਿੱਚ ਬ੍ਰਿਟਿਸ਼ ਸ਼ਾਸਨ ਦੇ ਖਿਲਾਫ ਅਜ਼ਾਦੀ ਅੰਦੋਲਨ ਜ਼ੋਰ ਸ਼ੋਰ ਨਾਲ ਚੱਲ ਰਿਹਾ ਸੀ। ਪੰਜਾਬ ਵਿੱਚ ਸਭ ਤੋਂ ਜ਼ਿਆਦਾ ਜਲਸੇ-ਮੁਜ਼ਾਹਰੇ ਅੰਮ੍ਰਿਤਸਰ ਵਿੱਚ ਹੋ ਰਹੇ ਸਨ। ਪੰਜਾਬ ਦਾ ਲੈ. ਗਵਰਨਰ ਮਾਈਕਲ ਉੱਡਵਾਇਰ ਇਸ ਅੰਦੋਲਨ ਤੋਂ ਕੁਝ ਜ਼ਿਆਦਾ ਹੀ ਤਕਲੀਫ ਮੰਨ ਰਿਹਾ ਸੀ। 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਨਿਵਾਸੀ ਹਿੰਦੂ-ਮੁਸਲਿਮ ਏਕਤਾ ਦੇ ਪ੍ਰਤੀਕ ਮਸ਼ਹੂਰ ਨੇਤਾਵਾਂ ਡਾ. ਸਤਿਆਪਾਲ ਅਤੇ ਸੈਫਉਦੀਨ ਕਿਚਲੂ ਵਕੀਲ ਨੂੰ ਰੌਲਟ ਐਕਟ ਅਧੀਨ ਨਜ਼ਰਬੰਦ ਕਰਕੇ ਸ਼ਹਿਰ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਗਿਆ। ਆਪਣੇ ਮਹਿਬੂਬ ਲੀਡਰਾਂ ਦੀ ਗ੍ਰਿਫਤਾਰੀ ਤੋਂ ਸ਼ਹਿਰ ਵਾਸੀ ਭੜਕ ਉੱਠੇ। ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਦਸਤਿਆਂ ਦਰਮਿਆਨ ਭੰਡਾਰੀ ਪੁੱਲ 'ਤੇ ਟੱਕਰ ਹੋ ਗਈ ਤਾਂ ਫੌਜ ਨੇ ਗੋਲੀ ਚਲਾ ਦਿੱਤੀ। ਕਈ ਦੇਸ਼ ਭਗਤ ਮਾਰੇ ਗਏ ਅਤੇ ਅਨੇਕਾਂ ਜ਼ਖਮੀ ਹੋ ਗਏ। ਫਲਸਵਰੂਪ ਸਾਰੇ ਸ਼ਹਿਰ ਵਿੱਚ ਦੰਗੇ ਭੜਕ ਉੱਠੇ। ਲੋਕਾਂ ਨੇ ਕਈ ਸਰਕਾਰੀ ਬਿਲਡਿੰਗਾਂ ਅਤੇ ਦਫਤਰ ਅੱਗ ਦੇ ਹਵਾਲੇ ਕਰ ਦਿੱਤੇ। ਬੇਮੁਹਾਰੇ ਹਜ਼ੂਮ ਨੇ ਬ੍ਰਿਟਿਸ਼ ਨਾਗਰਿਕਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਹਿੰਸਾ ਵਿੱਚ ਹਾਲ ਬਜ਼ਾਰ ਦੀ ਇੱਕ ਬੈਂਕ ਵਿੱਚ ਕੰਮ ਕਰਦੇ ਤਿੰਨ ਬ੍ਰਿਟਿਸ਼ ਕਰਮਚਾਰੀ ਮਾਰੇ ਗਏ ਤੇ ਇੱਕ ਇਸਾਈ ਮਿਸ਼ਨਰੀ ਮਿਸ ਮਾਰਸੇਲਾ ਸ਼ੇਰਵੁੱਡ ਸਖਤ ਜ਼ਖਮੀ ਹੋ ਗਈ। ਉੱਡਵਾਇਰ ਨੇ ਸ਼ਹਿਰ ਵਿੱਚ ਮਾਰਸ਼ਲ ਲਾਅ ਲਗਾ ਕੇ ਹਰੇਕ ਪ੍ਰਕਾਰ ਦੀ ਮੀਟਿੰਗ ਅਤੇ ਧਰਨੇ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾ ਦਿੱਤੀ।

ਡਾਇਰ ਦੀ ਨਿਯੁਕਤੀ ਉਸ ਵੇਲੇ ਜਲੰਧਰ ਛਾਉਣੀ ਸੀ। ਉੱਡਵਾਇਰ ਵੱਲੋਂ ਹੁਕਮ ਪ੍ਰਾਪਤ ਹੋਣ 'ਤੇ ਉਸ ਨੇ 11 ਅਪਰੈਲ 1919 ਨੂੰ ਅੰਮ੍ਰਿਤਸਰ ਪਹੁੰਚ ਕੇ ਕਮਾਂਡ ਸੰਭਾਲ ਲਈ। ਉਸ ਵਿੱਚ ਨਸਲੀ ਉੱਚਤਾ ਕੁੱਟ ਕੁੱਟ ਕੇ ਭਰੀ ਹੋਈ ਸੀ। ਉਸ ਨੇ ਆਉਂਦੇ ਹੀ ਅਧੀਨ ਫੌਜ ਨੂੰ ਸਪਸ਼ਟ ਕਰ ਦਿੱਤਾ ਕਿ ਉਸ ਨੂੰ ਸਿਰਫ ਅਤੇ ਸਿਰਫ ਬ੍ਰਿਟਿਸ਼ ਨਾਗਰਿਕਾਂ ਦੀ ਮੌਤ ਦਾ ਬਦਲਾ ਲੈਣ ਅਤੇ ਭਾਰਤੀਆਂ ਨੂੰ ਸਬਕ ਸਿਖਾਉਣ ਲਈ ਭੇਜਿਆ ਗਿਆ ਹੈ। ਇਹ ਮੌਕਾ ਉਸ ਨੂੰ ਦੋ ਦਿਨ ਬਾਅਦ 13 ਅਪਰੈਲ ਨੂੰ ਹੀ ਮਿਲ ਗਿਆ। 13 ਅਪਰੈਲ ਵਿਸਾਖੀ ਵਾਲੇ ਦਿਨ ਡਾਇਰ ਨੂੰ ਪਤਾ ਚੱਲਿਆ ਕਿ 20000 ਦੇ ਕਰੀਬ ਲੋਕ ਮਾਰਸ਼ਲ ਲਾਅ ਦੀ ਉਲੰਘਣਾ ਕਰ ਕੇ ਜਲ੍ਹਿਆਂਵਾਲੇ ਬਾਗ ਵਿੱਚ ਜਲਸਾ ਕਰ ਰਹੇ ਹਨ। ਉਸ ਦਿਨ ਵਿਸਾਖੀ ਸੀ ਤੇ ਹਜ਼ਾਰਾਂ ਸ਼ਰਧਾਲੂ ਦਰਬਾਰ ਸਾਹਿਬ ਮੱਥਾ ਟੇਕਣ ਲਈ ਆਏ ਹੋਏ ਸਨ। ਪਿੰਡਾਂ ਤੋਂ ਆਏ ਸ਼ਰਧਾਲੂਆਂ ਨੂੰ ਸ਼ਹਿਰ ਦੇ ਹਾਲਾਤ ਅਤੇ ਮਾਰਸ਼ਲ ਲਾਅ ਬਾਰੇ ਕੋਈ ਗਿਆਨ ਨਹੀਂ ਸੀ। ਬਹੁਤੇ ਬਾਗ ਵਿੱਚ ਅਰਾਮ ਕਰਨ ਲਈ ਬੈਠੇ ਹੋਏ ਸਨ। ਖਬਰ ਮਿਲਣ 'ਤੇ ਡਾਇਰ ਫੌਰਨ 65 ਗੋਰਖਾ ਅਤੇ 25 ਬਲੋਚ ਸੈਨਿਕ ਲੈ ਕੇ ਆਪਣੀ ਬਦਲੇ ਦੀ ਅੱਗ ਸ਼ਾਂਤ ਕਰਨ ਲਈ ਬਾਗ ਵੱਲ ਚੱਲ ਪਿਆ।

ਲੋਕਾਂ ਦੀ ਕਿਸਮਤ ਚੰਗੀ ਸੀ ਕਿ ਬਾਗ ਦਾ ਪ੍ਰਵੇਸ਼ ਦੁਆਰ ਤੰਗ ਹੋਣ ਕਾਰਨ ਮਸ਼ੀਨਗੰਨਾਂ ਵਾਲੀਆਂ ਦੋ ਗੱਡੀਆਂ ਅੰਦਰ ਨਾ ਜਾ ਸਕੀਆਂ, ਨਹੀਂ ਤਾਂ ਨੁਕਸਾਨ ਕਈ ਗੁਣਾ ਵੱਧ ਹੋਣਾ ਸੀ। ਸਾਰੀ ਫੌਜੀ ਟੁਕੜੀ ਥਰੀ ਨਾਟ ਥਰੀ ਲੀ-ਇਨਫੀਲਡ ਰਾਈਫਲਾਂ ਨਾਲ ਲੈਸ ਸੀ। ਡਾਇਰ ਨੇ ਬਿਨਾਂ ਕਿਸੇ ਵਾਰਨਿੰਗ ਸ਼ਾਂਤੀ ਪੂਰਵਕ ਬੈਠੇ ਲੋਕਾਂ 'ਤੇ ਫਾਇਰਿੰਗ ਸ਼ੁਰੂ ਕਰਵਾ ਦਿੱਤੀ। ਜਦੋਂ ਕੁਝ ਸੈਨਿਕਾਂ ਨੇ ਹਵਾਈ ਫਾਇਰਿੰਗ ਕੀਤੀ ਤਾਂ ਉਸ ਨੇ ਡਾਂਟ ਕੇ ਕਿਹਾ ਕਿ ਸਿੱਧੀਆਂ ਗੋਲੀਆਂ ਮਾਰੋ। ਉਸ ਨੇ ਵੱਧ ਤੋਂ ਵੱਧ ਪੰਜਾਬੀ ਕਤਲ ਕਰਨ ਲਈ ਜਾਣ ਬੁੱਝ ਕੇ ਸੰਘਣੀ ਭੀੜ ਵਾਲੀਆਂ ਥਾਵਾਂ ਵੱਲ ਫਾਇਰਿੰਗ ਕਰਵਾਈ। ਇਹ ਬਾਗ ਸਿਰਫ 6-7 ਏਕੜ ਵਿੱਚ ਬਣਿਆ ਹੋਇਆ ਹੈ। ਪੱਧਰਾ ਹੋਣ ਕਾਰਨ ਲੁਕਣ ਲਈ ਕੋਈ ਜਗ੍ਹਾ ਨਹੀਂ ਸੀ। ਚਾਰੇ ਪਾਸੇ ਤੋਂ ਵਰ੍ਹ

ਰਹੀ ਮੌਤ ਤੋਂ ਬਚਣ ਲਈ ਜੀ ਭਿਆਣੇ ਲੋਕਾਂ ਨੇ ਬਾਗ ਵਿੱਚ ਬਣੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ। ਬਾਅਦ ਵਿੱਚ ਸਿਰਫ ਖੂਹ ਵਿੱਚੋਂ ਹੀ ਬੇਗੁਨਾਹਾਂ ਦੀਆਂ 120 ਲਾਸ਼ਾਂ ਕੱਢੀਆਂ ਗਈਆਂ। ਕੰਧਾਂ ਟੱਪਣ ਦੀ ਕੋਸ਼ਿਸ਼ ਕਰ ਰਹੇ ਲੋਕਾਂ ਨੂੰ ਵੀ ਚੁਣ ਚੁਣ ਕੇ ਮਾਰਿਆ ਗਿਆ। ਅਜੇ ਤੱਕ ਕੰਧਾਂ 'ਤੇ ਗੋਲੀਆਂ ਦੇ ਦਰਜ਼ਨਾਂ ਨਿਸ਼ਾਨ ਵੇਖੇ ਜਾ ਸਕਦੇ ਹਨ। ਇੱਥੋਂ ਤੱਕ ਕੇ ਡਰ ਕੇ ਲੰਮੇ ਪਏ ਲੋਕ ਵੀ ਨਾ ਬਖਸ਼ੇ ਗਏ। 10-15 ਮਿੰਟ ਲਗਾਤਾਰ ਗੋਲੀ ਚੱਲਦੀ ਰਹੀ। ਗੋਲੀਬਾਰੀ ਉਸ ਵੇਲੇ ਬੰਦ ਹੋਈ ਜਦੋਂ ਫੌਜ ਦੇ ਸਾਰੇ 1650 ਰੌਂਦ ਖਤਮ ਹੋ ਗਏ। ਕਰਫਿਊ ਕਾਰਨ ਸਾਰੀ ਰਾਤ ਕਿਸੇ ਨੂੰ ਮੈਡੀਕਲ ਸਹਾਇਤਾ ਜਾਂ ਪਾਣੀ ਦਾ ਘੁੱਟ ਨਾ ਮਿਲ ਸਕਿਆ। ਸੈਂਕੜੇ ਲੋਕ ਪਿਆਸ ਕਾਰਨ ਸਿਸਕ ਸਿਸਕ ਕੇ ਦਮ ਤੋੜ ਗਏ। ਸਰਕਾਰੀ ਰਿਪੋਰਟ ਅਨੁਸਾਰ 397 ਨਿਰਦੋਸ਼ ਮਾਰੇ ਗਏ ਤੇ 1000 ਜ਼ਖਮੀ ਹੋਏ। ਪਰ ਨਿਰਪੱਖ ਸੂਚਨਾਵਾਂ ਮੁਤਾਬਕ 1000 ਤੋਂ ਵੱਧ ਮਾਰੇ ਗਏ ਤੇ 1300 ਤੋਂ ਵੱਧ ਜ਼ਖਮੀ ਹੋਏ। ਅੰਮ੍ਰਿਤਸਰ ਦੇ ਸਿਵਲ ਸਰਜਨ ਡਾ. ਸਮਿੱਥ ਨੇ ਦੱਸਿਆ ਕਿ 1800 ਲੋਕ ਮਾਰੇ ਗਏ ਸਨ। ਡਾਇਰ ਨੇ ਲੋਕਾਂ ਦੇ ਦਿਲਾਂ ਵਿੱਚ ਡਰ ਭਰਨ ਅਤੇ ਸਬਕ ਸਿਖਾਉਣ ਲਈ ਸ਼ਹਿਰ ਵਿੱਚ ਜਗ੍ਹਾ ਜਗ੍ਹਾ ਪੁਲਿਸ-ਫੌਜ ਦੀਆਂ ਪਿਕਟਾਂ ਕਾਇਮ ਕਰ ਦਿੱਤੀਆਂ ਜਿੱਥੇ ਸ਼ਹਿਰੀਆਂ ਨੂੰ 200-250 ਮੀਟਰ ਤੱਕ ਢਿੱਡ ਭਾਰ ਘਿਸਰਨਾ ਪੈਂਦਾ ਸੀ।

ਡਾਇਰ ਦੀ ਇਸ ਘਿਣਾਉਣੀ ਕਰਤੂਤ ਅਤੇ ਬੇਗੁਨਾਹਾਂ ਦੇ ਵਹੇ ਖੂਨ ਕਾਰਨ ਭਾਰਤ ਅਤੇ ਬ੍ਰਿਟੇਨ ਵਿੱਚ ਹਾਹਾਕਾਰ ਮੱਚ ਗਈ। ਸਾਰੇ ਕੌਮੀ ਨੇਤਾਵਾਂ ਨੇ ਇਸ ਕਾਂਡ ਦੀ ਸਖਤ ਅਲੋਚਨਾ ਕੀਤੀ। ਰਵਿੰਦਰ ਨਾਥ ਟੈਗੋਰ ਨੇ ਨਾਈਟਹੁੱਡ ਦੀ ਉਪਾਧੀ ਵਾਪਸ ਕਰ ਦਿੱਤੀ। ਬ੍ਰਿਟਿਸ਼ ਪਾਰਲੀਮੈਂਟ ਨੇ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਨਿਖੇਧੀ ਕੀਤੀ। ਇਸ ਸਾਕੇ ਦੀ ਤਫਤੀਸ਼ ਲਈ ਬਣੀ ਹੰਟਰ ਕਮੇਟੀ ਨੇ ਡਾਇਰ ਨੂੰ ਦੋਸ਼ੀ ਮੰਨਿਆ। ਇੰਗਲੈਂਡ ਦੇ ਯੁੱਧ ਮੰਤਰੀ ਵਿੰਸਟਨ ਚਰਚਿਲ, ਜੋ ਬਾਅਦ ਵਿੱਚ ਪ੍ਰਧਾਨ ਮੰਤਰੀ ਬਣੇ, ਨੇ ਉਸ ਨੂੰ ਬੇਰਹਿਮ ਕਾਤਲ ਕਿਹਾ। ਪਰ ਦਰਬਾਰ ਸਾਹਿਬ ਦੇ ਉਸ ਵੇਲੇ ਦੇ ਸਰਕਾਰੀ ਝੋਲੀ ਚੁੱਕ ਸਰਬਰਾਹ ਸਰਦਾਰ ਬਹਾਦਰ ਅਰੂੜ ਸਿੰਘ ਨੰਗਲੀ ਨੇ ਉਸ ਨੂੰ ਅਕਾਲ ਤਖਤ 'ਤੇ ਬੁਲਾ ਕੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਵਿਸ਼ਵ ਪ੍ਰਸਿੱਧ ਪੁਸਤਕ "ਜੰਗਲ ਬੁੱਕ" ਦੇ ਲੇਖਕ ਰੁਡਯਾਰਡ ਕਿਪਲਿੰਗ ਨੇ ਉਸ ਨੂੰ ਬ੍ਰਿਟਿਸ਼ ਸਾਮਰਾਜ ਦਾ ਰਾਖਾ ਗਰਦਾਨ ਕੇ 2600 ਪੌਂਡ ਰਕਮ ਇਕੱਠੀ ਕਰ ਕੇ ਭੇਂਟ ਕੀਤੀ। ਪਰ ਬ੍ਰਿਟਿਸ਼ ਸਰਕਾਰ ਨੂੰ ਉਸ ਦੀ ਅਣਮਨੁੱਖੀ ਕਰਤੂਤ ਹਜ਼ਮ ਨਾ ਹੋਈ। ਭਾਰਤ ਵਿੱਚ ਬ੍ਰਿਟਿਸ਼ ਫੌਜ ਦੇ ਪ੍ਰਧਾਨ ਸੈਨਾਪਤੀ ਸਰ ਚਾਰਲਸ ਮੁਨਰੋ ਨੇ ਉਸ ਨੂੰ ਕਰਨਲ ਦੇ ਅਹੁਦੇ ਤੋਂ ਜਬਰੀ ਰਿਟਾਇਰ ਕਰ ਦਿੱਤਾ। ਵਾਪਸ ਇੰਗਲੈਂਡ ਪਹੁੰਚਣ 'ਤੇ ਉਸ ਦਾ ਭਾਰੀ ਸਵਾਗਤ ਕੀ ਹੋਇਆਤ੍ਰੇਸ ਖਤਨ_ ਕਤਾਚੀਨੀਵ ਕਿ ਤਿੀਗ ਈ॥ ਬ੍ਰਟਿਸ਼ਅ ਾਰਮੀ ਮਿਊਜ਼ੀਅਮ, ਲੰਡਨ ਵਿੱਚ ਅਜੇ ਵੀ ਉਸ ਨੂੰ ਬਾਦਸ਼ਾਹ ਵੱਲੋਂ ਪ੍ਰਦਾਨ ਕੀਤਾ ਗਿਆ ਪ੍ਰਸੰਸਾ ਪੱਤਰ ਪ੍ਰਦਰਸ਼ਿਤ ਹੈ।

ਡਾਇਰ 1927 ਵਿੱਚ 62 ਸਾਲ ਦੀ ਉਮਰ ਵਿੱਚ ਇਕੱਲਤਾ ਦੀ ਹਾਲਤ ਵਿੱਚ ਬਹੁਤ ਬੁਰੀ ਮੌਤੇ ਮਰਿਆ। ਮੌਤ ਤੋਂ ਪਹਿਲਾਂ ਉਹ ਕਈ ਸਾਲ ਅਧਰੰਗ ਕਾਰਨ ਮੰਜੇ 'ਤੇ ਨਰਕ ਭੋਗਦਾ ਰਿਹਾ। ਉਸ ਦੀ ਪਤਨੀ ਅਤੇ ਬੱਚੇ ਉਸ ਨੂੰ ਛੱਡ ਗਏ। ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਉਸ ਨੇ ਲਿਖਿਆ, "ਕੁਝ ਲੋਕ ਕਹਿੰਦੇ ਹਨ ਕਿ ਮੈਂ ਜਲ੍ਹਿਆਂਵਾਲਾ ਬਾਗ ਵਿੱਚ ਠੀਕ ਕੀਤਾ, ਪਰ ਕੁਝ ਕਹਿੰਦੇ ਹਨ ਕਿ ਗਲਤ ਕੀਤਾ। ਮੈਂ ਮਰ ਜਾਣਾ ਚਾਹੁੰਦਾ ਹਾਂ ਤਾਂ ਜੋ ਰੱਬ ਹੀ ਇਹ ਬਾਰੇ ਇਨਸਾਫ ਕਰ ਸਕੇ।"

ਇਸ ਸਾਕੇ ਦਾ ਦੂਸਰਾ ਜ਼ਿੰਮੇਵਾਰ ਸੀ 1912 ਤੋਂ 1919 ਤੱਕ ਪੰਜਾਬ ਦਾ ਲੈ. ਗਵਰਨਰ ਰਿਹਾ ਸਰ ਮਾਈਕਲ ਉੱਡਵਾਇਰ। ਉਸ ਦਾ ਜਨਮ ਆਇਰਲੈਂਡ (ਇੰਗਲੈਂਡ) ਵਿੱਚ 8 ਅਪਰੈਲ 1864 ਨੂੰ ਇੱਕ ਸਧਾਰਨ ਪਰਿਵਾਰ ਵਿੱਚ ਜਾਹਨ ਅਤੇ ਮਾਰਗਰੇਟ ਉੱਡਵਾਇਰ ਦੇ ਘਰ ਹੋਇਆ। ਉਸ ਦੀ ਪਤਨੀ ਦਾ ਨਾਮ ਡੇਮ ਊਨਾ ਉੱਡਵਾਇਰ ਸੀ। ਉਹ 14 ਭੈਣ ਭਰਾਵਾਂ ਵਿੱਚੋਂ 6ਵੇਂ ਨੰਬਰ 'ਤੇ ਸੀ। ਉਸ ਨੇ ਸੇਂਟ ਸੇਟਾਨੀਸਲਾਸ ਕਾਲਜ ਟੁਲਾਮੋਰ ਤੋਂ ਗਰੈਜੂਏਸ਼ਨ ਕੀਤੀ ਤੇ 1886 ਵਿੱਚ ਭਾਰਤੀ ਸਿਵਲ ਸੇਵਾਵਾਂ ਲਈ ਚੁਣਿਆ ਗਿਆ।

ਭਾਰਤ ਵਿੱਚ ਨੌਕਰੀ ਦੌਰਾਨ ਰੈਵਿਨਿਊ ਮਸਲੇ ਹੱਲ ਕਰਨ ਵਿੱਚ ਉਸ ਨੇ ਬਹੁਤ ਪ੍ਰਸਿੱਧੀ ਹਾਸਲ ਕੀਤੀ। ਉਹ ਤਰੱਕੀ ਕਰਦਾ ਹੋਇਆ ਪੰਜਾਬ ਵਿੱਚ ਲੈਂਡ ਰਿਕਾਰਡ ਅਤੇ ਖੇਤੀਬਾੜੀ ਮਹਿਕਮੇ ਦੇ ਡਾਇਰੈਕਟਰ ਦੇ ਅਹੁਦੇ ਤੱਕ ਪਹੁੰਚ ਗਿਆ। ਉਸ ਨੇ ਸੂਬਾ ਸਰਹੱਦ, ਸੀ.ਪੀ. (ਮੱਧ ਪ੍ਰਦੇਸ਼), ਪੰਜਾਬ, ਅਲਵਰ, ਭਰਤਪੁਰ ਅਤੇ ਹੈਦਰਾਬਾਦ ਸਟੇਟਾਂ ਲਈ ਰੈਵਿਨਿਊ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਈ। 1912 ਵਿੱਚ ਵਾਇਸਰਾਏ ਲਾਰਡ ਹਾਰਡਿੰਗ ਨੇ ਉਸ ਨੂੰ ਪੰਜਾਬ ਦਾ ਲੈ. ਗਵਰਨਰ ਨਿਯੁਕਤ ਕਰ ਦਿੱਤਾ ਤੇ 1913 ਵਿੱਚ ਉਸ ਨੂੰ ਨਾਈਟ (ਸਰ) ਦੀ ਉਪਾਧੀ ਪ੍ਰਦਾਨ ਕੀਤੀ ਗਈ। ਜੱਲ੍ਹਿਆਂਵਾਲਾ ਬਾਗ ਦਾ ਖੂਨੀ ਕਾਂਡ ਉਸ ਦੀ ਪੂਰੀ ਮਰਜ਼ੀ ਨਾਲ ਹੀ ਵਾਪਰਿਆ। ਐਨੇ ਭਿਆਨਕ ਕਤਲੇਆਮ ਦੇ ਬਾਵਜੂਦ ਉਸ ਨੇ ਨੰਗੀ ਚਿੱਟੀ ਬੇਸ਼ਰਮੀ ਨਾਲ ਡਾਇਰ ਦੀ ਹਮਾਇਤ ਜਾਰੀ ਰੱਖੀ।

ਜੱਲ੍ਹਿਆਂਵਾਲਾ ਬਾਗ ਸਾਕੇ ਦੇ ਵਿਰੋਧ ਵਿੱਚ ਗੁੱਜਰਾਂਵਾਲੇ ਬ੍ਰਿਟਿਸ਼ ਵਿਰੋਧੀ ਦੰਗੇ ਭੜਕ ਉੱਠੇ। ਜਦੋਂ ਉੱਡਵਾਇਰ ਸਥਿੱਤੀ 'ਤੇ ਕੰਟਰੋਲ ਨਾ ਕਰ ਸਕਿਆ ਤਾਂ ਉਸ ਨੇ ਸਾਰੀਆਂ ਹੱਦਾਂ ਪਾਰ ਦਿੱਤੀਆਂ। ਉਸ ਦੇ ਹੁਕਮ ਨਾਲ 15 ਅਪਰੈਲ 1919 ਨੂੰ ਚਾਰ ਜੰਗੀ ਹਵਾਈ ਜਹਾਜਾਂ ਨੇ ਗੁੱਜਰਾਂਵਾਲਾ ਸ਼ਹਿਰ 'ਤੇ ਬੰਬਾਰੀ ਕੀਤੀ। ਜਹਾਜਾਂ ਨੇ ਅੱਧੇ ਘੰਟੇ ਤੱਕ ਬੰਬ ਸੁੱਟੇ ਤੇ ਕਈ ਹੋਰ ਇਲਾਕਿਆਂ ਸਮੇਤ ਖਾਲਸਾ ਹਾਈ ਸਕੂਲ, ਗੁਰੂ ਨਾਨਕਪੁਰਾ, ਗੁਜਰਾਂਵਾਲਾ ਨੂੰ ਤਬਾਹ ਕਰ ਦਿੱਤਾ। ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਸਮੇਤ ਦਰਜਨਾਂ ਲੋਕ ਮਾਰੇ ਗਏ। ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਦੇਸ਼ ਨੇ ਆਪਣੇ ਹੀ ਸਿਵਲੀਅਨਾਂ 'ਤੇ ਹਵਾਈ ਹਮਲਾ ਕੀਤਾ ਸੀ।

ਉਸ ਦੀਆਂ ਕਰਤੂਤਾਂ ਬ੍ਰਿਟਿਸ਼ ਸਰਕਾਰ ਦੀ ਬਰਦਾਸ਼ਤ ਤੋਂ ਬਾਹਰ ਹੋ ਗਈਆਂ ਤਾਂ 25 ਅਪਰੈਲ 1919 ਵਿੱਚ ਉਸ ਨੂੰ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ। ਬ੍ਰਿਟਿਸ਼ ਗ੍ਰਹਿ ਮੰਤਰੀ ਐਡਵਿਨ ਮੌਂਟਾਗੋ ਨੇ ਉੱਡਵਇਰ ਦੀ ਕਰੜੀ ਅਲੋਚਨਾ ਕੀਤੀ। ਅਜਿਹਾ ਪਾਪੀ ਇਨਸਾਨ ਆਖਰ ਸ਼ਹੀਦ ਊਧਮ ਸਿੰਘ ਹੱਥੋਂ ਮਰ ਕੇ ਨਰਕਾਂ ਵੱਲ ਰਵਾਨਾ ਹੋਇਆ।

13 ਮਾਰਚ 1940 ਨੂੰ ਉਹ ਲੰਡਨ ਦੇ ਕੈਕਸਟਨ ਹਾਲ ਵਿਖੇ ਰਾਇਲ ਸੋਸਾਇਟੀ ਫਾਰ ਏਸ਼ੀਅਨ ਅਫੇਅਰਜ਼ ਦੀ ਮੀਟਿੰਗ ਵਿੱਚ ਹਿੱਸਾ ਲੈ ਰਿਹਾ ਸੀ। ਜਿਵੇਂ ਹੀ ਉੱਡਵਾਇਰ ਬੋਲ ਕੇ ਹਟਿਆ, ਊਧਮ ਸਿੰਘ ਨੇ ਦੋ ਗੋਲੀਆਂ ਮਾਰ ਕੇ ਆਪਣੀ ਕਸਮ ਪੂਰੀ ਕਰ ਵਿਖਾਈ। ਉਹ ਰਿਵਾਲਵਰ ਖਾਲੀ ਹੋਣ ਤੱਕ ਗੋਲੀਆਂ ਚਲਾਉਂਦਾ ਰਿਹਾ ਜਿਸ ਕਾਰਨ ਲੂਈਸ ਡੇਨ, ਲਾਰਡ ਜੱਟਲੈਂਡ ਅਤੇ ਚਾਰਲਸ ਕੋਚਰੇਨ ਬੇਲੀ ਜ਼ਖਮੀ ਹੋ ਗਏ।

ਊਧਮ ਸਿੰਘ ਨੇ 21 ਸਾਲ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਆਪਣੇ ਦੇਸ਼ ਦੀ ਬੇਇੱਜ਼ਤੀ ਦਾ ਬਦਲਾ ਆਖਰ ਲੈ ਲਿਆ।

**ਐਸ.ਪੀ. ਪੰਡੋਰੀ ਸਿੱਧਵਾਂ, 9815124449**




# ਕਾਵਿ-ਕਿਆਰੀ



### "ਰਾਜ-ਭਾਸ਼ਾ ਬਨਾਮ ਗਿੱਲ"

ਮਰਦਿ-ਮੁਜਾਹਿਦ ਗਿੱਲ ਸਾਹਿਬ ਦੀ,
ਸਮ੍ਹਾਂ ਤੇ ਪ੍ਰਵਾਨੇ ਵਰਗੀ।
ਥੁੜ੍ਹਚਿਰੀ ਸਰਕਾਰ ਸੀ ਪਰ,
ਗਿਣਮਿੱਥ ਲਾਏ ਨਿਸ਼ਾਨੇ ਵਰਗੀ।



ਮਾਂ-ਬੋਲੀ ਸਿਰ ਮੰਡਲਾਉਂਦੇ,
ਕ੍ਰਿਤਘਣਾਂ ਤੋਂ ਰੱਖਿਆ ਲਈ,
ਮਾਂ ਦੀ ਬੁੱਕਲ ਛੁਪ ਬੈਠੇ,
ਸਪੋਲੀਆਂ ਤੋਂ ਸੁਰੱਖਿਆ ਲਈ।

ਬੇਜ਼ਮੀਰੇ ਪਾਤਰਾਂ ਕੁਪਾਤਰਾਂ ਨੂੰ,
ਮਰਦਊ ਮੁਹਾਸਰਾ ਘੱਤਨ ਲਈ,
ਮਾਂ ਦੇ ਵਿਹੜੇ ਬਿਠਾ ਤ੍ਰਿੰਝਣ,
ਪਿੰਜਨ ਭੁੰਬਨ ਕੱਤਨ ਲਈ।

ਪੰਜਾਬੀ ਪ੍ਰਤੀ ਪ੍ਰਤਿਬਧਤਾ,
ਪਰਿਪੂਰਨ ਲਈ ਅਰਪਿਤ ਹੋ ਕੇ,
ਮਾਂ-ਬੋਲੀ ਦੇ ਮੁਸਤਕ ਬਿਲ ਨੂੰ,
ਸੁਆਰਨ ਲਈ ਸਮਰਪਿਤ ਹੋ ਕੇ।

ਰਾਜ ਕਾਜ ਦਾ ਮਾਧਿਅਮ ਬਣਾ,
ਸਕੱਤਰੇਤ ਦੀ ਸਿਖ਼ਰ ਚੜ੍ਹਾ ਕੇ,
ਹਰ ਜ਼ਿਲ੍ਹਾ ਸਦਰ-ਮੁਕਾਮ ਤੇ,
ਖ਼ੂਬ ਗਿੱਧੇ ਭੰਗੜੇ ਪਾ ਕੇ।

ਹੌਲੀ-ਹੌਲੀ ਕੀਤੀ ਅਣਗੌਲੀ,
ਪੰਜਾਬੀ ਦੀ ਸ਼ੱਕਰ ਖੰਡ ਨਿਵਾਤ ਗੁੜ ਨੂੰ,
ਦੀਦਾਵਰ ਦੀ ਪਾਰਖੂ ਅੱਖ ਨੇ,
ਭਾਂਪ ਲਿਆ ਸੀ ਮਾਂ ਦੀ ਥੁੜ ਨੂੰ।

ਬੇਨੂਰੀ ਦੀ ਮਜਬੂਰੀ ਵਿਚ,
ਜੋ ਟਿਮਟਮਾਉਂਦੀ ਬੁਝ ਰਹੀ ਇਕ ਮਿਸ਼ਾਲ ਸੀ,
ਗੁਰਮੁਖੀ-ਲਿੱਪੀ ਲਾਜ਼ਮੀਂ ਕਰਕੇ,
ਉਸ ਨੂੰ ਲਿਆ ਸੰਭਾਲ ਸੀ।

ਮਾਂ-ਬੋਲੀ ਦੇ ਰਾਜੇ ਬਣੇ,
ਇਸ ਪਲੇਠੇ ਸਰਵਣ ਪੁੱਤ ਤੋਂ,
'ਪੰਜਾਬੀ' ਸਿਰ ਰਾਜ-ਭਾਗ ਦਾ,
ਤਾਜ ਸਜਾਈ ਤਖ਼ਤ ਬਹਾਈ।

ਮਾਂ ਨੂੰ ਜਾਂਦੀ ਇਹ ਵਡਿਆਈ,
ਕਪੂਤਾਂ ਨੂੰ ਰਾਸ ਨਾ ਆਈ,
ਇਉਂ ਹੋ ਰਹੀ ਬੱਲੇ ਬੱਲੇ ਦੀ,
ਹੋਰ ਵੀ ਹੋ ਗਈ ਚੜ੍ਹਾਈ।

ਕਸਬੀ ਤੁਅੱਸਬੀ ਵਿਧਾ ਵਰਤ,
ਚਾਹੁੰਣ ਕੁਝ ਨਵੀਂ ਖੇਡ ਰਚਾਈ,
ਪਰ ਵਹਿਣ ਪਏ ਦਰਿਆਵਾਂ ਦੇ ਸੁਨ,
ਕੀ ਕਰੇਗੀ ਛੱਪੜੀ ਕਾਈ।

ਨਿਸ਼ਾਨੇ ਤੋਂ ਥਿੜਕਾਉਣ ਲਈ,
ਇਕ ਸਾਜ਼ਿਸ਼ ਰਚੀ ਗੱਦਾਰਾਂ ਨੇ,
ਮੁਕਾਬਲਤਨ ਗਿੱਲ ਜਾਂ ਨਿੱਲ ਨਾਹਰਾ ਲਾ ਦਿੱਤਾ,
ਮੁੱਠੀ ਭਰ ਸ਼ਾਹ ਅਸਵਾਰਾਂ ਨੇ।

ਆਫ਼ਰੀਨ ਇਸ ਸ਼ਾਹੀਨ! ਚੂੜ ਚੱਕੀਏ,
ਸਿਰਦਾਰ ਸਰਦਾਰ ਦੇ,
ਕਿਹੜੇ ਕਿਹੜੇ ਗਾਇਣ ਕਰੀਏ,
ਇਹਦੀ ਘੱਟ ਗਿਣਤੀ ਸਰਕਾਰ ਦੇ।

'ਮੀਆਂ' 'ਬੋਲੀ ਅਵਰੁ ਤੁਮਾਰੀ',
ਮਾਰੀ ਗੁਝੀ, ਗਹਿਰੀ ਤਨਜ਼ ਦਾ,
ਸਦੀਆਂ ਦਾ ਸਿਰ ਖੜਾ ਵਿਆਜ਼,
ਕੀਤੇ ਗੈਰ ਭਾਸ਼ਾਈ ਵਨਜ ਦਾ।

ਸਾਰਾ ਕਿੱਸਾ ਕੋਤਾ ਆਸਾਨ ਧਿਆਨ ਖਿਚਦੀ,
ਪੰਜਾਬ ਵਿਚ ਕਹਿ ਦਿੱਤਾ ਸੀ,
ਰਾਜ ਭਾਸ਼ਾ ਦੇ ਤਾਜ ਵਿਚ,
ਪੰਜਾਬੀ ਪੁਖਰਾਜ ਸਜਾ ਦਿੱਤਾ ਸੀ।

ਨਾਨਕ ਪੀਰ ਫ਼ਕੀਰ ਜ਼ਾਹਰਾ-ਜ਼ਹੀਰ ਨੂੰ,
ਨਤਮਸਤਕ ਹੋ ਕੇ,
ਸ਼ਾਸਨ-ਪ੍ਰਸ਼ਾਸ਼ਨ ਦਰਮਿਆਨ,
ਅਕੱਥ ਸਮਰਥ ਸ਼ਾਸਕ ਹੋ ਕੇ।

ਪੰਜਾਬੀ ਦਾ ਪ੍ਰਚਾਰ ਰਾਜ ਤੋਂ ਬਾਹਰ ਵੀ,
ਪਾਸਾਰ ਸੰਚਾਰ ਕਰਨ ਲਈ,
ਆਰਥਿਕ ਪੱਖੋਂ ਹਰ ਪਾਸੇ,
ਖੁਲ੍ਹਾ ਖੁਲਾਸਾ ਵਿਸਤਾਰ ਕਰਨ ਲਈ।

ਹਰ ਕਿਸਮ ਦੀ ਸਿੱਖਿਆ ਸ਼ਾਸਨ ਦਾ,
ਪੰਜਾਬੀ ਮਾਧਿਅਮ ਬਣਾ ਦਿੱਤਾ,
ਹਰ ਕਰਮਚਾਰੀ ਅਧਿਕਾਰੀ ਹੱਥ,
ਬਾਲ ਉਪਦੇਸ਼ ਸੰਦੇਸ਼ ਫੜਾ ਦਿੱਤਾ।

ਘੱਟ ਮੁਹਾਰਤ ਵਾਲਿਆਂ ਦਾ,
ਅੰਗਰੇਜ਼ੀ ਖਹਿੜਾ ਘੱਟ ਕਰਾ ਦਿੱਤਾ,
ਪੰਜਾਬੀ ਵਿਚ ਨੋਟਿੰਗ ਡ੍ਰਾਫਟਿੰਗ,
ਸਭ ਨੂੰ ਸਿਖਾਅ ਪੜ੍ਹਾ ਦਿੱਤਾ।

ਪੰਜਾਬੀ ਬੋਲਣ ਵਾਲੇ ਨੂੰ ਜੇ ਕੋਈ,
ਅਨਪੜ੍ਹ ਕਹਿ ਚਿੜਾਉਂਦਾ ਸੀ,
ਪੰਜਾਬੀ ਵਿਚ ਭਬਕ ਮਾਰ,
ਅੱਗੋਂ ਮੂੰਹ ਤੇ ਤਾਲਾ ਲਾਉਂਦਾ ਸੀ।

ਜੋ ਵੀ ਪੰਜਾਬੀ ਪੰਜਾਬੀ ਲਈ,
ਗਿੱਲ ਤੁੱਲ ਕੁਝ ਸਾਰਥਕ ਕਰੇਗਾ,
ਪੰਜਾਬ ਪੰਜਾਬੀ ਪੰਜਾਬੀਅਤ ਲਈ ਉਹ,
ਮਰ ਕੇ ਵੀ ਨਹੀਂ ਮਰੇਗਾ।

ਚੜ੍ਹਦੇ ਲਹਿੰਦੇ ਆਰ-ਉਰਾਰ,
ਸੱਤ ਸਮੁੰਦਰੋਂ ਪਾਰ ਦੀਆਂ,
ਲੋਹੜੀ ਮਾਘੀ ਵਸੰਤ ਵਸਾਖੀ ਵੰਨਗੀਆਂ,
ਪੰਜਾਬੀ ਸਭਿਆਚਾਰ ਦੀਆਂ।

ਮਾਂ-ਬੋਲੀ ਪੰਜਾਬੀ ਲਈ ਉਸਦੇ ਕੀਤੇ,
ਆਦਾਨ ਪ੍ਰਦਾਨ ਭੁਗਤਾਨ ਦੀਆਂ,

ਲੋਹੜੀ ਮਾਘੀ ਵਸੰਤ ਵਸਾਖੀ ਵੰਨਗੀਆਂ,
ਪੰਜਾਬੀ ਸਭਿਆਚਾਰ ਦੀਆਂ।

ਮਾਂ-ਬੋਲੀ ਪੰਜਾਬੀ ਲਈ ਉਸਦੇ ਕੀਤੇ,
ਆਦਾਨ ਪ੍ਰਦਾਨ ਭੁਗਤਾਨ ਦੀਆਂ,
ਕੋਈ ਕਾਰਗੁਜ਼ਾਰੀਆਂ ਕਰ ਨਹੀਂ ਸਕਦਾ,
ਉਸਦੇ ਹਾਣ ਪ੍ਰਵਾਣ ਦੀਆਂ।

ਪੰਜਾਬੀ ਦੇ ਲਾਮਿਸਾਲ ਵਿਸ਼ਵ ਵਿਸ਼ਾਲ,
ਅੰਬਰਾਂ ਨੀਲਾਬਰਾਂ ਤੇ,
ਉਹ ਹਮੇਸ਼ਾ ਧ੍ਰੂ ਤਾਰਾ ਬਣ ਚੜ੍ਹੇਗਾ,
ਪਾਸਬਾਂ ਬਣ ਖੜ੍ਹੇਗਾ।

ਚੰਗਾ ਹੁੰਦਾ ਪੰਦਰਾਂ ਨੂੰ ਵਜ਼ਾਰਤੀ ਸੋਂਹ ਚੁੱਕਣ ਲਈ,
ਹਰ ਛੋਟਾ ਵੱਡਾ,
ਰਾਜ-ਭਾਸ਼ਾ ਮਾਂ ਬੋਲੀ ਪੰਜਾਬੀ ਲਈ,
ਤਰਜੀਹ ਧਰ ਦਿੰਦਾ।

ਅਠਤਾਲੀ ਛਿਆਠ ਦੀ,
ਧਰਾਤਲੀ ਕੱਟ-ਵੱਢ ਦਾ ਦਰਦ ਹੰਢਾਉਂਦੀ,
ਗਿੱਲ ਸਾਹਿਬ ਦੀ ਸੁੱਚੀ ਸੋਚ ਨੂੰ,
ਯਕੀਨਨ ਵਸੀਹ ਕਰ ਦਿੰਦੀ।

'ਭਾਸ਼ਾ' ਵਿਚਾਰਾਂ ਉਦਗਾਰਾਂ ਸੰਸਕਾਰਾਂ ਦਾ,
ਖ਼ੂਬਸੂਰਤ ਮਾਧਿਅਮ ਹੁੰਦੀ ਹੈ,
ਮਿਆਰ ਕਰ ਕੇ ਕੋਈ ਵੀ,
ਨਾ ਉੱਤਮ ਮਧਮ ਅਧਮ ਹੁੰਦੀ ਹੈ।

ਪਰ ਮਾਂ-ਬੋਲੀ ਦੀ ਕੀਮਤ ਤੇ,
ਕਿਸੇ ਹੋਰ ਨੂੰ ਸਿਰ ਚੜ੍ਹਾਈਏ ਨਾ,
ਮਾਂ ਰਾਣੀ ਪਟਰਾਣੀ ਦੇ ਤੁੱਲ,
ਗੋਲੀ ਨੂੰ ਬਿਠਾਈਏ ਨਾ।

ਮਾਂ-ਬੋਲੀ ਤਾਂ ਹਰ ਬਸ਼ਰ ਦੀ,
ਮਾਂ ਦੀ ਵੀ ਮਾਂ ਹੁੰਦੀ ਹੈ,
ਤਾਹੀਉਂ ਤਾਂ ਇਹ ਮਾਂ ਦੀ ਬੋਲੀ,
ਮਾਂ-ਬੋਲੀ ਅਖਵਾਉਂਦੀ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1, ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

*****

## ਸੰਗਮਰੀ ਪੱਥਰ

ਵਿਹੜੇ ਪੱਥਰ, ਖੇੜੇ ਪੱਥਰ
ਗਲੀ ਮੁਹੱਲੇ ਹਰ ਘਰ ਅੰਦਰ
ਜਿਧਰ ਵੇਖੋ ਪੱਥਰ ਹੀ ਪੱਥਰ।
ਰੰਗ ਬਰੰਗਾ, ਕਾਲਾ, ਪੀਲਾ, ਚਿੱਟਾ,
ਨੀਲਾ, ਗਾਜਰੀ ਭੂਰਾ।
ਪੱਥਰ-ਪੱਥਰ...
ਇਸ ਪੱਥਰ 'ਚੋਂ...
ਕਦ ਮਿੱਟੀ ਦੀ ਖ਼ੁਸ਼ਬੋ ਆਵੇਗੀ।
ਮਾਂ ਦੇ ਲਿੱਪੇ ਵਿਹੜੇ ਵਿਚੋਂ
ਜਦ ਕਦੇ, ਜੇਠ ਹਾੜ੍ਹ ਦੀ ਰੁੱਤੇ
ਬੱਦਲ ਦਾ ਸ਼ਰਾਟਾ ਵਰ੍ਹਦਾ।
ਧੁੱਪ ਦੀ ਤਪੀ ਤਪਈ ਧਰਤੀ
ਮਹਿਕ ਉਠਦੀ...
ਯਾਦ ਆ ਰਿਹੈ ਉਹ ਨਜ਼ਾਰਾ
ਇੰਜ ਲੱਗਦਾ ਹੈ
ਇਹ ਪੱਥਰ ਤਾਂ, ਆਪਣੇ ਸੰਗ
ਲੈ ਆਇਆ ਹੈ, ਇਕ ਬਿਰਾਨੀ।
ਉਸ ਧਰਤੀ ਦੀ...
ਜਿਸ ਧਰਤੀ ਤੋਂ ਇਹ ਆਇਆ ਹੈ।
ਸਦੀਆਂ ਬੱਧੀ, ਸਾਂਝ ਪੁਰਾਣੀ
ਸਾਡਾ ਵਿਰਸਾ...
ਸਾਥੋਂ ਹੈ ਤੰਦੂਰ ਖੋਹ ਲਿਆ
ਹੁਣ ਨਾ-ਕਿਧਰੇ ਗਲੀ ਮੁਹੱਲੇ
ਇਸ ਚੁੱਲ੍ਹੇ ਤੇ, ਰੋਟੀ ਲਾਉਂਦੀਆਂ
ਤੱਕੀਆਂ ਨਾਰਾਂ...
ਇੰਜ ਲੱਗਦਾ ਹੈ...
ਇਸ ਪੱਥਰ ਨੇ
ਜਦ ਤੋਂ ਕਦਮ ਰਸੋਈ ਧਰਿਆ।
ਘਰ ਦੀ ਔਰਤ
ਪੱਥਰ ਸੰਗ ਹੈ ਪੱਥਰ ਹੋਈ।
ਸਿਮਟ ਗਿਆ ਹੈ
ਉਸ ਦਾ ਦਾਇਰਾ
ਆਪਣੇ ਆਪ ਤੱਕ ਹੀ।
ਪਹਿਲਾਂ ਵਾਂਗੂੰ, ਪਿੰਡ ਦਰਵਾਜ਼ੇ
ਸੱਥ ਨਾ ਜੁੜਦੀ
ਨਾ ਕੋਈ ਦਾਦੀ ਬਾਤ ਸੁਣਾਉਂਦੀ
ਸਮਝ ਨਹੀਂ ਆਉਂਦੀ
ਇੰਨੀ ਜਲਦੀ
ਬਦਲ ਗਿਆ ਇਹ ਸਭ ਕੁਝ ਕਿੱਦਾਂ।
ਰਹਿਣੀ, ਬਹਿਣੀ, ਸੱਥ ਤ੍ਰਿੰਝਣ
ਚਰਖਾ ਪੀੜ੍ਹੀ ਅਤੇ ਅਟੇਰਨ।
ਗਲੀ ਮੁਹੱਲੇ ਹੈ ਖਾਮੋਸ਼ੀ
ਜਿੱਦਾਂ ਵਰਤਿਆ ਹੋਵੇ ਭਾਣਾ।
ਚੌਹੀਂ ਪਾਸੀਂ ਹੈ ਸੰਨਾਟਾ
ਜਿੱਦਾਂ ਰੇਗਿਸਤਾਨ 'ਚ ਹੋਵੇ।
ਰੇਗਿਸਤਾਨ ਤੋਂ ਹੀ ਤਾਂ ਆਇਆ ਹੈ ਇਹ ਪੱਥਰ।
ਹੁਣ ਤਾਂ ਦੁੱਧ ਵੀ ਯਾਰ ਬਨਾਉਟੀ
ਪੱਥਰ ਵਾਂਗੂੰ, ਚਿੱਟਾ-ਚਿੱਟਾ, ਓਪਰਾ-ਓਪਰਾ
ਇਉਂ ਜਾਪੇ
ਜਿਉਂ ਘੂਰ ਰਿਹਾ ਹੈ
ਦਰਿਆਵਾਂ ਦਾ ਪਾਣੀ ਗੰਧਲਾ ਬਦਬੂ ਮਾਰੇ।
ਜਾਪੇ ਜਿੱਦਾਂ ਝੂਰ ਰਿਹਾ ਹੈ
ਪੱਥਰ ਜਿਗਰਾ ਯਾਰ ਬਣਾ ਕੇ
ਖੁਦ ਤੂੰ ਆਪਣੀ ਹੋਂਦ ਮਿਟਾ ਕੇ
ਬਿਨ ਪਾਣੀ ਦੇ, ਕਿੰਜ ਜੀਏਂਗਾ
ਪਾਣੀ ਦੀ ਥਾਂ, ਰੱਤ ਪੀਏਂਗਾ।
ਪਾਣੀ ਦੀ ਥਾਂ, ਰੱਤ ਪੀਏਂਗਾ।
ਪਾਣੀ ਦੀ ਥਾਂ...॥

**ਪੰਜਾਬੀ ਸੱਥ ਸਰਹਿੰਦ**
**ਸੰਤ ਸਿੰਘ ਸੋਹਲ**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ

# ਮਠਿਆਈਆਂ ਬਣਾ ਸਕਦੀਆਂ ਹਨ ਪੱਥਰੀ ਦਾ ਮਰੀਜ਼



ਤਿਉਹਾਰ ਹਰ ਭਾਰਤੀ ਦਾ ਖਾਸ ਹਿੱਸਾ ਹਨ। ਤਿਉਹਾਰਾਂ ਦੇ ਮੌਸਮ ਦੌਰਾਨ ਆਮ ਤੌਰ 'ਤੇ ਅਸੀਂ ਮਠਿਆਈ ਜਿਵੇਂ ਲੱਡੂ, ਬਰਫ਼ੀ ਆਦਿ ਖਵਾਉਂਦੇ ਅਤੇ ਖਾਂਦੇ ਹਾਂ ਮੰਨਿਆ ਜਾਂਦਾ ਹੈ ਕਿ ਮਠਿਆਈ ਵੰਡਣ ਨਾਲ ਆਪਸ 'ਚ ਭਾਈਚਾਰਾ ਅਤੇ ਪਿਆਰ ਵੱਧਦਾ ਹੈ ਪਰ ਜ਼ਿਆਦਾ ਮਠਿਆਈ ਖਾਣਾ ਵੀ ਸਾਡੀ ਸਿਹਤ ਲਈ ਨੁਕਸਾਨਦਾਇਕ ਹੁੰਦਾ ਹੈ ਅਤੇ ਕਦੇ-ਕਦੇ ਜ਼ਿਆਦਾ ਦੁੱਧ ਨਾਲ ਬਣੀ ਮਠਿਆਈ ਖਾਣ ਨਾਲ ਗੁਰਦੇ ਦੀ ਪੱਥਰੀ ਦੀ ਸੰਭਾਵਨਾ ਵਧ ਜਾਂਦੀ ਹੈ।

ਆਰ.ਜੀ. ਸਟੋਨ ਯੂਰੋਲਾਜੀ ਐਂਡ ਲੈਪ੍ਰੋਸਕੋਪੀ ਦੇ ਸੀ.ਐੱਮ. ਡਾਕਟਰ ਭੀਮਸੇਨ ਬੰਸਲ ਦਾ ਕਹਿਣਾ ਹੈ ਕਿ ਮਠਿਆਈ ਕਿਸੇ ਵੀ ਤਿਉਹਾਰ ਦਾ ਖਾਸ ਹਿੱਸਾ ਹੈ। ਮਠਿਆਈਆਂ ਦਾ ਨਾਮ ਸੁਣ ਕੇ ਮੂੰਹ 'ਚ ਪਾਣੀ ਆ ਜਾਂਦਾ ਹੈ ਪਰ ਜ਼ਿਆਦਾ ਮਠਿਆਈ ਦੇ ਸੇਵਨ ਨਾਲ ਸਾਡੀ ਕਿਡਨੀ 'ਤੇ ਅਸਰ ਪੈ ਸਕਦਾ ਹੈ। ਖੋਏ ਨਾਲ ਬਣੀਆਂ ਮਠਿਆਈਆਂ 'ਚ ਜ਼ਿਆਦਾ ਕੈਲਸ਼ੀਅਮ ਹੁੰਦਾ ਹੈ ਜਿਹੜਾ ਕਿ ਗੁਰਦੇ ਦੀ ਪੱਧਰੀ ਦਾ ਮੁੱਖ ਕਾਰਨ ਹੁੰਦਾ ਹੈ। ਗੁਰਦੇ ਦੇ ਪੱਧਰੀ ਲਈ 70 ਫ਼ੀਸਦੀ ਕਾਰਨ ਕੈਲਸ਼ੀਅਮ ਹੁੰਦਾ ਹੈ ਜਿਸ ਨੂੰ ਹਾਈਪਰਕੈਲਕਿਊਰੀਆ ਵੀ ਕਿਹਾ ਜਾਂਦਾ ਹੈ। ਇਹ ਅਸੰਤੁਲਨ ਉਦੋਂ ਹੁੰਦਾ ਹੈ ਜਦੋ ਸਾਡਾ ਸਰੀਰ ਜ਼ਿਆਦਾ ਕੈਲਸ਼ੀਅਮ ਗ੍ਰਹਿਣ ਕਰਦਾ ਹੈ ਅਤੇ ਜ਼ਿਆਦਾਤਰ ਕੈਲਸ਼ੀਅਮ ਮੂਤਰ 'ਚ ਖਾਲੀ ਕਰਦਾ ਹੈ। ਇਸ ਦੇ ਕਾਰਨ ਕੈਲਸ਼ੀਅਮ ਆਕਸਲੈਂਡ ਦੇ ਕ੍ਰਿਸਟਲ ਬਣਨ ਲੱਗ ਜਾਂਦੇ ਹਨ ਜੋ ਕਿ ਸਟੋਨ (ਪੱਥਰੀ) ਦਾ ਰੂਪ ਧਾਰਨ ਕਰਦੇ ਹਨ। ਇਸ ਲਈ ਤਿਉਹਾਰਾਂ 'ਚ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ।



**डॉ. निर्मल सिंह, सेवादार पंजाबी सथ्थ लांबड़ा की छपी पुस्तक से धन्यवाद सहित प्रश्न-उत्तर छाप रहे हैं।**


**भाग - 10**

**नहीं रीसाँ देश पंजाब दीयां**

# की जाणा मैं कौण?

***( पंजाब की संस्कृति एवं समूची धरोहर )***

**डॉ. निर्मल सिंह**



**प्रश्न**

254. 'मूंगफली' का पौधा कितना बड़ा होता है?
255. 'हद्‌वाणा, मतीरा और तरबूज' में क्या अंतर है?
256. 'चंद्रमा' का सुदी पक्ष कब होता है?
257. 'अमावस्या' वाले दिन चाँद का क्या आकार होता है?
258. 'ईद' के चाँद का क्या अर्थ है?
259. 'संग्रांद' किस दिन होती है?
260. 'नानकशाही संवत' अब कितना है?
261. 'लंडे लिपि' कौन लिखता था?
262. 'कोहिनूर हीरा' अब कहाँ है?
263. 'अहमद शाह अब्दाली' पंजाब क्या करने आया था?
264. 'काला पानी' किसे कहते हैं?
265. 'कुदेसण' कौन होती है?
266. 'फिरंगी' कौन थे?
267. 'पूरबिए' किन्हें कहते हैं?
268. 'अटेरन' क्या होता है?
269. 'चरखे की माहल' किस चीज़ से बनी होती है?
270. 'खरास' क्या होता है?
271. 'ओखली' के क्या अर्थ हैं?
272. 'मॅट' किस वस्तु से बना होता है?
273. 'गोहले' कैसे बनते हैं?
274. परैणी में आर क्यों लगाई जाती है?
275. 'पंजाली' किस काम आती है?
276. 'बरछा' क्या होता है?
277. 'यमला जट्ट' किस साज के साथ गाता था?
278. 'तरन्नुम की मल्लिका' कौन थी?
279. 'निआईं' की ज़मीन कहाँ पर होती है?
280. 'मुसलमानों की माला' को क्या कहते हैं?

**उत्तर**

254. धरती पर बिछा हुआ छोटी बेल जैसा।
255. एक ही बेल को लगने वाले बड़े आकार के फल के भिन्न-भिन्न नाम।
256. अमावस्या से अगले दिन ऐकम और पुनिया का पूर्णमासी तक का पखवाड़ा।
257. चाँद दिखता ही नहीं, पूरी रात अँधेरी होती है।
258. मुद्दत बाद दिखाई देने वाला।
259. विक्रमी या नानकशाही महीने का पहला दिन।
260. 1469 ई. के चैत्र महीने से गिनती शुरू होती है। 2014-15 ई. में 546।
261. शाहुकार और बनिए अपने बही-खातों के हिसाब के लिए।
262. इंग्लैंड की रानी के ताज में।
263. हमला करके दौलत लूटने के लिए।
264. अंडमान टापुओं के बीच बनी पोर्ट ब्लेयर जेल को।
265. पंजाब से बाहर की औरत।
266. अंग्रेज़ों से तात्पर्य है।
267. उत्तर-प्रदेश, बिहार, झारखंड, मध्य प्रदेश, छत्तीसगढ़ के पंजाब में आए हुए लोग।
268. सूत के धागे की लच्छा बनाने वाला औजार।
269. सूत के धागों की।
270. आटा पीसने वाली पशुओं द्वारा चलने वाली बड़ी चक्की।
271. चावल या अनाज साफ़ करने वाली लकड़ी का पत्थर की खड्डेधार चीज़।
272. कच्ची मिट्टी का जो भट्टी में पकाई हुई होती है।
273. रद्दी कागज़ों को उबालकर उनकी गाचनी बना कर, गूंध कर उल्टे घड़े पर हाथों से थपथपा कर।
274. पशुओं विशेष कर बैलों, सांडों को चुभा कर फुर्तीले बनाने के लिए।
275. दो पशुओं की ताकत को जोड़ी के रूप में जोत कर हल चलाने या कुएं से पानी निकालने या गड्डा खींचने के लिए।
276. बांस की मजबूती लाठी के सिरे पर मजबूती से जड़ा एक फुट के लगभग लंबा तीन इंच चौड़ा नोकदार फल वाला हथियार।
277. तूंबी के साथ।
278. बेगम नूर जहाँ।
279. गाँव क्या बस्ती के पास की।
280. तस्बीह।

**( चलता )**

# अनमोल वचन

1. अपनी गलती मान लेना ही महान चरित्र का लक्षण है।
2. समय विपरीत होने पर धैर्य न छोड़ो।
3. प्रयत्नशील मनुष्य हमेशा आगे बृता है।
4. क्रोध मूर्खता से उत्पन्न और पश्चाताय से समाप्त होता है।
5. एक अच्छी माता सौ शिक्षकों के समान है।
6. किसी व्यक्ति को इतना गरीब भी नहीं होना चाहिए कि वह दूसरों को मुस्कान रुपी उपहार भी न दे सके।
7. जिंदगी में विशेषता की बात यह नहीं कि मेरे पास क्या है? अहमयित की बात तो यह है कि मैं क्या हूँ?
8. घृणा को अपने दिल में स्थान मत दो, क्योंकि घृणा एक विष है जो सारे शुभ गुणों को नष्ट कर डालता है।

**सतेन्द्र सिंह**

## किस के दिल में क्या है?

1. **माँ के दिल में - ममता**
2. **पिता के दिल में - कर्तव्य**
3. **बहन के दिल में - स्नेह**
4. **भाई के दिल में - प्यार**
5. **अमीर के दिल में - घमण्ड**
6. **गरीब के दिल में - दर्द**
7. **सज्जन के दिल में - नम्रता**
8. **गुरु के दिल में - ज्ञान**

## शेयर

अमीर की आँख रोती है,
दिल रोता है गरीब का,
इसमें किसी का क्या दोष
सारा खेल है नसीब का॥

मेरी यादों को मुझसे मत छीनो,
यही तो मेरे जीवन का एक अंग है,
एक मेरा ही जीवन कोरा काग़ज़,
वैसे दुनियां में बहुत रंग है।

**गीतिका**

**आज का युवा वर्ग एक ऐसी नामुराद बीमारी की चपेट में आता जा रहा है जिस को हम 'नशा' कहते हैं। आज समय की यह सबसे बड़ी समस्या उभर कर सामने आ रही है। अत: इस 'नशा' रुपी बिमारी से निजात पाने के लिए समाज के हर व्यक्ति को आगे आना होगा। माता-पिता से लेकर शिक्षकों तक। घर में माता-पिता और स्कूल व कालेज में शिक्षकों को युवाओं को इस के लिए चेतान्य करना होगा। बच्चों में खेल-कूद की भावना पैदा करनी होगी तांकि व शरीरिक तौर पर फिट रहे। सरकार को भी नशा सपलाई करने वालों को सख़्ती से पकड़ना होगा तांकि आने वाली पीढ़ी को बचाइया जा सके। इस के लिए हम सभी को बहुत मेहनत करने की आवश्यकता है नहीं तो आने वाला समय बहुत भयंकर स्थिति उत्पन्न कर देगा।**

**आओ हम सब मिल कर 'नशा विरोधी' आन्दोलन चला कर अपनी आने वाली पीढ़ी को बचाये और इस यत्न को आगे बढ़ा कर युवाओं में पनप रही नशा-प्रवृत्ति को रोक कर देश का उद्धार करें।**

**प्रो. कुलवंत कौर**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-3-2017 ਤੋਂ 31-3-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਤ੍ਰਿਪਤ ਕੌਰ<br>ਮਕਾਨ ਨੰ.-132, ਸੈਕਟਰ-42, ਚੰਡੀਗੜ੍ਹ | 400/- | ਐਚ-9041 | 03-03-2017 |
| 2. | ਸ. ਹਰਨਾਮ ਸਿੰਘ, ਐਕਸ ਈ ਐਨ<br>ਮਕਾਨ ਨੰ.-698, ਫੇਸ-10, ਮੋਹਾਲੀ | 500/- | ਐਚ-8917 | 10-03-2017 |
| 3. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9043 | 14-03-2017 |
| 4. | ਗੁਪਤ ਦਾਨ | 500/- | ਐਚ-9044 | 14-03-2017 |
| 5. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ.-1005, ਸੈਕਟਰ-71, ਮੋਹਾਲੀ | 5000/- | ਐਚ-9045 | 14-03-2017 |
| 6. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-1005, ਸੈਕਟਰ-65,<br>ਫੇਸ-11, ਮੋਹਾਲੀ | 10000/- | ਐਚ-9046 | 14-03-2017 |
| 7. | ਸ. ਗਿਆਨ ਸਿੰਘ ਮੁਲਤਾਨੀ,<br>ਸੀਨੀਅਰ ਮੀਤ ਪ੍ਰਧਾਨ (ਹੈੱਡਕੁਆਰਟਰ)<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 500/- | ਐਚ -9047 | 14-03-2017 |
| 8. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ.-42,<br>ਸੈਕਟਰ-16, ਚੰਡੀਗੜ੍ਹ | 500/- | ਐਚ-9048 | 14-03-2017 |
| 9. | ਸ੍ਰੀਮਤੀ ਸਵੀਪ੍ਰੀਤ | 200/- | ਐਚ-9049 | 14-03-2017 |
| 10. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-9050 | 14-03-2017 |
| 11. | ਸ. ਹਰਭਜਨ ਸਿੰਘ<br>ਡੀ.ਆਈ.ਜੀ.ਪੀ. (ਰਿਟਾ.), ਜ਼ੀਰਕਪੁਰ | 500/- | ਐਚ-9051 | 14-03-2017 |

| | | | | |
|---|---|---|---|---|
| 12. | ਸ.ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-9052 | 14-03-2017 |
| 13. | ਸ.ਗੁਰਬਚਨ ਸਿੰਘ<br>ਮਕਾਨ ਨੰ.-2808/2, ਸੈਕਟਰ-47 ਸੀ,<br>ਚੰਡੀਗੜ੍ਹ | 100/- | ਐਚ -9053 | 14-03-2017 |
| 14. | ਸ.ਕੁਲਬੀਰ ਸਿੰਘ ਐਸ.ਈ.(ਰਿਟਾ.)<br>ਮਕਾਨ ਨੰ.-139, ਸੈਕਟਰ-70, ਮੋਹਾਲੀ | 500/- | ਐਚ-9054 | 14-03-2017 |
| 15. | ਸ੍ਰੀ ਜੇ.ਪੀ.ਵਰਮਾ<br>ਮਕਾਨ ਨੰ.-3459, ਸੈਕਟਰ-40 ਡੀ, ਚੰਡੀਗੜ੍ਹ | 200/- | ਐਚ -9055 | 14-03-2017 |
| 16. | ਸ.ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541,<br>ਫੇਸ-3-ਏ, ਮੋਹਾਲੀ | 200/- | ਐਚ-9056 | 14-03-2017 |
| 17. | ਸ.ਜਗੀਰ ਸਿੰਘ ਲਾਲੀਆ ਵਿੱਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 200/- | ਐਚ-9057 | 14-03-2017 |
| 18. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ | 500/- | ਐਚ-9058 | 14-03-2017 |
| 19. | ਸ.ਨਿਰਮਲ ਸਿੰਘ<br>ਮਕਾਨ ਨੰ.-2254, ਫੇਸ-10, ਮੋਹਾਲੀ | 200/- | ਐਚ-9059 | 14-03-2017 |
| 20. | ਸ.ਹਰਦਿਆਲ ਸਿੰਘ ਚੰਡੀਗੜ੍ਹ | 100/- | ਐਚ -9060 | 14-03-2017 |
| 21. | ਸ.ਸੁਰਿੰਦਰ ਸਿੰਘ<br>ਸੈਕਟਰ-47, ਚੰਡੀਗੜ੍ਹ | 200/- | ਐਚ-9061 | 14-03-2017 |
| 22. | ਸ੍ਰੀਮਤੀ ਜਸਵੰਤ ਕੌਰ<br>ਮਕਾਨ ਨੰ.-1234, ਫੇਸ-10, ਮੋਹਾਲੀ | 200/- | ਐਚ-9062 | 14-03-2017 |
| 23. | ਸ.ਬਲਬੀਰ ਸਿੰਘ<br>ਮਕਾਨ ਨੰ.-1162, ਸੈਕਟਰ-71, ਮੋਹਾਲੀ | 500/- | ਐਚ-9063 | 14-03-2017 |
| 24. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 200/- | ਐਚ -9064 | 14-03-2017 |
| 25. | ਸ.ਨਰਿੰਦਰ ਸਿੰਘ<br>ਸੰਨੀ ਐਨਕਲੇਵ, ਮੋਹਾਲੀ | 500/- | ਐਚ-9065 | 14-03-2017 |
| 26. | ਸ੍ਰੀਮਤੀ ਹਰਪ੍ਰੀਤ ਕੌਰ, ਚੰਡੀਗੜ੍ਹ | 1100/- | ਐਚ-9066 | 14-03-2017 |

| | | | | |
|---|---|---|---|---|
| 27. | ਸ.ਜੀ.ਐਸ. ਮਿਨਹਾਸ<br>ਮਕਾਨ ਨੰ.-1027, ਸੈਕਟਰ-71, ਮੋਹਾਲੀ | 200/- | ਐਚ -9067 | 14-03-2017 |
| 28. | ਕਰਨਲ ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ.-114, ਸੈਕਟਰ-33 ਏ, ਚੰਡੀਗੜ੍ਹ | 500/- | ਐਚ-9068 | 14-03-2017 |
| 29. | ਸ੍ਰੀਮਤੀ ਚਰਨਜੀਤ ਕੌਰ<br>ਮਕਾਨ ਨੰ.-141, ਸੈਕਟਰ-11, ਪੰਚਕੂਲਾ | 500/- | ਐਚ-9069 | 14-03-2017 |
| 30. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 400/- | ਐਚ-9070 | 27-03-2017 |
| 31. | ਸ. ਅਜੀਤ ਸਿੰਘ ਏ.ਈ.ਟੀ.ਸੀ. (ਰਿਟਾ.)<br>ਮਕਾਨ ਨੰ.-249, ਸੈਕਟਰ-22 ਏ, ਚੰਡੀਗੜ੍ਹ | 5100/- | ਐਚ-9071 | 29-03-2017 |
| 32. | ਸ. ਜਸਵਿੰਦਰ ਸਿੰਘ<br>ਮਕਾਨ ਨੰ.-249, ਸੈਕਟਰ-22 ਏ, ਚੰਡੀਗੜ੍ਹ | 1100/- | ਐਚ-9072 | 29-03-2017 |
| 33. | ਸ. ਆਗਿਆਪਾਲ ਸਿੰਘ | 1100/- | ਐਚ-9073 | 29-03-2017 |
| 34. | ਸ. ਪਰਵਿੰਦਰ ਸਿੰਘ | 1100/- | ਐਚ-9074 | 29-03-2017 |
| 35. | ਬੀਬੀ ਮਨਿੰਦਰ ਕੌਰ | 1100/- | ਐਚ-9075 | 29-03-2017 |
| 36. | ਸ. ਸੂਰਤ ਸਿੰਘ<br>ਪਿੰਡ-ਬੇਗੋਵਾਲ, ਜ਼ਿਲ੍ਹਾ-ਕਪੂਰਥਲਾ | 2000/- | ਐਚ-9076 | 29-03-2017 |

— — — — — — — — — — —

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# Medical mobile testing in Sanauli and Barara villages in Ambala block





Regd No. 32212/78 Postal No.-- CHD/0111/2015-17

# CONGRATULATIONS



Sardar Sangat Singh, MLA, being honoured by
S. Gurcharan Singh, President &
S. Harbans Singh, General Secretary of Baba Makhan Shah Lobana
Foundation (Regd.), Chandigarh
on 16.03.2017 at MLA Hostal, Chandigarh.
Seen in picture are S. Mohinder Singh Gilzian USA,
Ch. Balbir Singh Miani with others